SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 23* Issue 66 | Wednesday, April 10, 2024 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ




# ਅਮੀਰ ਤੇ ਕਾਰਪੋਰੇਟ ਕੈਨੇਡਾ ਉੱਤੇ ਨਵੇਂ ਟੈਕਸ ਲਾਉਣ ਤੋਂ ਫਰੀਲੈਂਡ ਨੇ ਨਹੀਂ ਕੀਤਾ ਇਨਕਾਰ



ਓਟਵਾ, 9 ਅਪਰੈਲ (ਪੋਸਟ ਬਿਊਰੋ) : ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਆਉਣ ਵਾਲੇ ਫੈਡਰਲ ਬਜਟ ਵਿੱਚ ਮੱਧ ਵਰਗ ਉੱਤੇ ਹੋਰ ਟੈਕਸ ਲਾਉਣ ਤੋਂ ਇਨਕਾਰ ਕਰਦਿਆਂ ਆਖਿਆ ਕਿ ਕਾਰਪੋਰੇਸ਼ਨਾਂ ਤੇ ਅਮੀਰ ਕੈਨੇਡੀਅਨਜ਼ ਨੂੰ ਨਵੇਂ ਟੈਕਸਾਂ ਤੋਂ ਰਿਆਇਤ ਦਿੱਤੀ ਜਾਵੇਗੀ ਇਸ ਬਾਰੇ ਉਹ ਹਾਲ ਦੀ ਘੜੀ ਕੁੱਝ ਨਹੀਂ ਆਖ ਸਕਦੀ।

ਕਾਰਪੋਰੇਟ ਜਗਤ ਜਾਂ ਅਮੀਰ ਕੈਨੇਡੀਅਨਜ਼ ਉੱਤੇ ਨਵੇਂ ਟੈਕਸ ਲਾਉਣ ਸਬੰਧੀ ਪੁੱਛੇ ਸਵਾਲ ਦੇ ਜਵਾਬ ਵਿੱਚ ਮੰਗਲਵਾਰ ਨੂੰ ਫਰੀਲੈਂਡ ਨੇ ਸਪੱਸ਼ਟ ਜਵਾਬ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਦੀ ਥਾਂ ਉੱਤੇ ਉਨ੍ਹਾਂ ਆਖਿਆ ਕਿ ਕੈਨੇਡੀਅਨਜ਼ ਲਈ ਇਸ ਸਮੇਂ ਹਾਊਸਿੰਗ ਤੇ ਆਰਟੀਫਿਸ਼ਲ ਇੰਟੈਲੀਜੈਂਸ ਵਿੱਚ ਨਿਵੇਸ਼ ਕਰਨਾ ਸੱਭ ਤੋਂ ਜ਼ਰੂਰੀ ਹੈ। ਉਨ੍ਹਾਂ ਆਖਿਆ ਕਿ ਨੌਜਵਾਨ ਕੈਨੇਡੀਅਨਜ਼ ਨੂੰ ਹਾਊਸਿੰਗ, ਅਫੋਰਡੇਬਿਲਿਟੀ, ਪ੍ਰੋਡਕਟੀਵਿਟੀ ਤੇ ਗ੍ਰੋਥ ਵਿੱਚ ਨਿਵੇਸ਼ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਆਖਿਆ ਕਿ ਉਹ ਫੈਡਰਲ ਘਾਟੇ ਨੂੰ 40.1 ਬਿਲੀਅਨ ਡਾਲਰ ਤੋਂ ਹੇਠਾਂ ਰੱਖਣ ਦੀ ਵੀ ਕੋਸ਼ਿਸ਼ ਕਰ ਰਹੀ ਹੈ।

ਪਰ ਉਨ੍ਹਾਂ ਆਖਿਆ ਕਿ ਨਵੇਂ ਖਰਚਿਆਂ ਲਈ ਮੱਧ ਵਰਗ ਉੱਤੇ ਟੈਕਸ ਲਾਇਆ ਜਾਣਾ ਮਸਲੇ ਦਾ ਹੱਲ ਨਹੀਂ ਹੈ। ਇਸ ਲਈ ਅਸੀਂ ਮਿਹਨਤਕਸ਼ ਮੱਧ ਵਰਗੀ ਕੈਨੇਡੀਅਨਜ਼ ਦੇ ਨਾਲ ਹਾਂ ਤੇ ਉਨ੍ਹਾਂ ਉੱਤੇ ਟੈਕਸਾਂ ਦਾ ਵਾਧੂ ਬੋਝ ਨਹੀਂ ਪੈਣ ਦੇਵਾਂਗੇ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਵੀ ਇਸੇ ਤਰ੍ਹਾਂ ਦੀਆਂ ਟਿੱਪਣੀਆਂ ਕੀਤੀਆਂ ਜਾ ਚੁੱਕੀਆਂ ਹਨ।

## ਫੋਰਡ ਨੇ ਐਲਸੀਬੀਓ ਨੂੰ ਪੇਪਰ ਬੈਗ ਮੁੜ ਸ਼ੁਰੂ ਕਰਨ ਲਈ ਆਖਿਆ




ਓਨਟਾਰੀਓ, 9 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਲੀਕਰ ਕੰਟਰੋਲ ਬੋਰਡ ਆਫ ਓਨਟਾਰੀਓ (ਐਲਸੀਬੀਓ) ਦੇ ਪ੍ਰੈਜ਼ੀਡੈਂਟ ਤੇ ਸੀਈਓ ਨੂੰ ਪੱਤਰ ਲਿਖ ਕੇ ਸਾਰੀਆਂ ਲੋਕੇਸ਼ਨਜ਼ ਉੱਤੇ ਪੇਪਰ ਬੈਗਜ਼ ਮੁੜ ਸ਼ੁਰੂ ਕਰਨ ਲਈ ਆਖਿਆ। ਐਲਸੀਬੀਓ ਨੇ ਸਤੰਬਰ 2023 ਵਿੱਚ ਪੇਪਰ ਬੈਗਜ਼ ਬੰਦ ਕਰ ਦਿੱਤੇ ਸਨ ਤੇ ਆਪਣੇ ਕਸਟਮਰਜ਼ ਨੂੰ ਸਮਾਨ ਖਰੀਦਣ ਲਈ ਰੀਯੂਜ਼ੇਬਲ ਬੈਗ ਲਿਆਉਣ ਜਾਂ ਅਜਿਹੇ ਬੈਗ ਖਰੀਦਣ ਲਈ ਹੱਲਾਸ਼ੇਰੀ ਦਿੱਤੀ ਜਾ ਰਹੀ ਸੀ। ਇਹ ਨੀਤੀ ਐਲਸੀਬੀਓ ਦੇ ਐਨਵਾਇਰਮੈਂਟ ਉੱਤੇ ਪੈਣ ਵਾਲੇ ਅਸਰ ਨੂੰ ਘਟਾਉਣ ਲਈ ਲਾਗੂ ਕੀਤੀ ਗਈ ਸੀ। ਐਤਵਾਰ ਨੂੰ ਫੋਰਡ ਨੇ ਜਾਰਜ ਸੋਲੇਸ ਨੂੰ ਪੱਤਰ ਲਿਖ ਕੇ ਇਸ ਫੈਸਲੇ ਨੂੰ ਤੁਰੰਤ ਬਦਲਣ ਲਈ ਆਖਿਆ।

ਫੋਰਡ ਨੇ ਪੱਤਰ ਵਿੱਚ ਲਿਖਿਆ ਅਜੋਕੇ ਸਮੇਂ ਜਦੋਂ ਓਨਟਾਰੀਓ ਦੇ ਕਈ ਪਰਿਵਾਰਾਂ ਨੂੰ ਜੂਨ ਗੁਜ਼ਾਰਾ ਕਰਨ ਲਈ ਸੰਘਰਸ਼ ਕਰਨਾ ਪੈ ਰਿਹਾ ਹੈ ਅਜਿਹੇ ਵਿੱਚ ਪੈਸੇ ਪੈਸੇ ਦੀ ਪੂਰੀ ਕੀਮਤ ਹੈ। ਉਨ੍ਹਾਂ ਆਖਿਆ ਕਿ ਐਲਸੀਬੀਓ ਵੱਲੋਂ ਪਹਿਲਾਂ ਦਿੱਤੇ ਜਾਣ ਵਾਲੇ ਪੇਪਰ ਬੈਗਜ਼ ਮੁੜ ਸ਼ੁਰੂ ਕਰਨੇ ਚਾਹੀਦੇ ਹਨ। ਇਸ ਤਬਦੀਲੀ ਕਾਰਨ ਲੋਕਾਂ ਨੂੰ ਐਲਸੀਬੀਓ ਦਾ ਸਟੋਰ ਛੱਡਦੇ ਸਮੇਂ ਖੁੱਲ੍ਹੇਆਮ ਸ਼ਰਾਬ ਲਿਜਾਣੀ ਪੈਂਦੀ ਹੈ। ਐਲਸੀਬੀਓ ਦੇ ਰੀਯੂਜ਼ੇਬਲ ਬੈਗਜ਼ ਦੀ ਮੌਜੂਦਾ ਕੀਮਤ 1.25 ਡਾਲਰ ਉਸ ਬੈਗ ਲਈ ਹੈ ਜਿਸ ਵਿੱਚ ਦੋ ਬੋਤਲਾਂ ਆ ਜਾਂਦੀਆਂ ਹਨ ਤੇ ਛੇ ਬੋਤਲਾਂ ਲਿਜਾਣ ਵਾਲੇ ਬੈਗ ਦੀ ਕੀਮਤ 2.95 ਡਾਲਰ ਹੈ।

## ਕੁੱਝ ਸਕੂਲ ਬੰਦ ਕਰਨ ਦੇ ਟੀਡੀਐਸਬੀ ਦੇ ਪ੍ਰਸਤਾਵ ਨੂੰ ਲਿਚੇ ਨੇ ਕੀਤਾ ਖਾਰਜ



ਓਨਟਾਰੀਓ, 9 ਅਪ੍ਰੈਲ (ਪੋਸਟ ਬਿਊਰੋ) : ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ (ਟੀਡੀਐਸਬੀ) ਦੇ ਉਸ ਪ੍ਰਸਤਾਵ ਨੂੰ ਓਨਟਾਰੀਓ ਦੇ ਸਿੱਖਿਆ ਮੰਤਰੀ ਸਟੀਫਨ ਲਿਚੇ ਵੱਲੋਂ ਖਾਰਜ ਕਰ ਦਿੱਤਾ ਗਿਆ ਹੈ ਜਿਸ ਵਿੱਚ ਬਜਟ ਨੂੰ ਸੰਤੁਲਿਤ ਕਰਨ ਲਈ ਕੁੱਝ ਸਕੂਲਾਂ ਨੂੰ ਬੰਦ ਕਰਨ ਦੀ ਗੱਲ ਕੀਤੀ ਗਈ ਸੀ। ...ਬਾਕੀ ਪੰਨਾ 2 'ਤੇ

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

MagGas Medical Brampton
MGM
MAGGAS MEDICAL INC.
Helping you breathe deep and rest easy.
(647) 954-9885
20 Maritime Ont Blvd Unit 15
Brampton, ON L6S 0C2

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps
Cockroaches, Carpenter Ants, Silver Fish, Racoons
Call : PARESH PATEL
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

KELLEY LAW OFFICE
Immigration, Real Estate
Family Law, Business Closing
Corporate, Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇਥੇ ਹਰ ਤਰ੍ਹਾਂ ਦੇ ਇਮੀਗ੍ਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕਾਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley
905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

## ਅੱਜ ਨਾਮਾ

ਜਲੰਧਰ ਸੀਟ ਦਾ ਪਿਆ ਹੈ ਬੜਾ ਰੱਫੜ,
ਚੰਨੀ ਪਹੁੰਚ ਏਥੇ ਗਿਆ ਹੈ ਬਹਿ ਮੀਆਂ।
ਜਿਨ੍ਹਾਂ ਨਾਲ ਸੀ ਉਹਦੀ ਕੁਝ ਕੌੜ ਅੱਗੇ,
ਉਹਦਾ ਆਵਣਾ ਸਕਣ ਨਾ ਸਹਿ ਮੀਆਂ।
ਲੱਗੇ ਕਈ ਕਰਨ ਵਿਰੋਧ ਨੇ ਕਾਂਗਰਸੀਏ,
ਲੱਗਦਾ ਸਕਣਗੇ ਚੁੱਪ ਨਹੀਂ ਰਹਿ ਮੀਆਂ।
ਚੱਕਾ ਚੋਣ ਦਾ ਹਾਲੇ ਨਹੀਂ ਰਿੜ੍ਹਨ ਲੱਗਾ,
ਜਾਪੇ ਲੀਹਾਂ ਤੋਂ ਗੱਡੀ ਗਈ ਲਹਿ ਮੀਆਂ।
ਪਿਆ ਟਿਕਟ ਲਈ ਜਦੋਂ ਹੈ ਇੰਜ ਰੱਟਾ,
ਵਿਗੜਦੇ ਜਾਂਦੇ ਆ ਹੋਰ ਹਾਲਾਤ ਮੀਆਂ।
ਲੜਨਾ ਦੂਜਿਆਂ ਨਾਲ ਆ ਬਾਤ ਅਗਲੀ,
ਚੱਲੀ ਘਰੇ ਜਾਂਦੀ ਸ਼ਹਿ ਜਾਂ ਮਾਤ ਮੀਆਂ।

**ਤੀਸ ਮਾਰ ਖਾਂ**

# ਕਈ ਘੰਟਿਆਂ ਤੱਕ 3 ਨਿੱਕੇ ਬੱਚਿਆਂ ਨੂੰ ਗੱਡੀ ਵਿੱਚ ਛੱਡ ਕੇ ਕਸੀਨੋ ਗਈਆਂ ਮਾਵਾਂ ਨੂੰ ਪੁਲਿਸ ਨੇ ਕੀਤਾ ਚਾਰਜ

ਦਰਹਾਮ, 9 ਅਪਰੈਲ (ਪੋਸਟ ਬਿਊਰੋ) : ਤਿੰਨ ਬੱਚਿਆਂ ਨੂੰ ਗੱਡੀ ਵਿੱਚ ਛੱਡ ਕੇ ਕਈ ਘੰਟੇ ਪਿੱਕਰਿੰਗ ਦੇ ਕਸੀਨੋ ਵਿੱਚ ਬਿਤਾਉਣ ਵਾਲੀਆਂ ਦੋ ਮਹਿਲਾਵਾਂ ਨੂੰ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਾਫੀ ਸਮੇਂ ਬਾਅਦ ਸਕਿਊਰਿਟੀ ਨੂੰ ਪਤਾ ਲੱਗਿਆ ਕਿ ਬੱਚੇ ਸੜਕ ਉੱਤੇ ਖੇਡ ਰਹੇ ਸਨ।




ਦਰਹਾਮ ਰੀਜਨਲ ਪੁਲਿਸ ਅਧਿਕਾਰੀਆਂ ਨੂੰ ਸੋਮਵਾਰ ਨੂੰ ਸ਼ਾਮੀਂ 7:30 ਵਜੇ ਤੋਂ ਬਾਅਦ 888 ਦਰਹਾਮ ਲਾਈਵ ਐਵਨਿਊ ਉੱਤੇ ਸਥਿਤ ਪਿੱਕਰਿੰਗ ਕਸੀਨੋ ਰਿਜ਼ਾਰਟ ਵਿੱਚ ਵੈੱਲ ਬੀਂਗ ਚੈੱਕ ਲਈ ਸੱਦਿਆ ਗਿਆ। ਇਹ ਰਿਪੋਰਟ ਕੀਤਾ ਗਿਆ ਕਿ ਕਸੀਨੋ ਦੀ ਸਕਿਊਰਿਟੀ ਨੂੰ ਤਿੰਨ ਬੱਚੇ, ਜਿਨ੍ਹਾਂ ਦੀ ਉਮਰ 10, 9 ਤੇ 2 ਸਾਲ ਸੀ, ਬਿਨਾਂ ਕਿਸੇ ਬਾਲਗ ਦੀ ਨਿਗਰਾਨੀ ਦੇ ਸੜਕ ਉੱਤੇ ਖੇਡਦੇ ਮਿਲੇ। ਇਹ ਦੋਸ਼ ਵੀ ਲਾਇਆ ਗਿਆ ਕਿ ਕਸੀਨੋ ਦੇ ਪਾਰਕਿੰਗ ਲੌਟ ਦੀ ਪਾਰਕਿੰਗ ਵਿੱਚ ਖੜ੍ਹੀ ਗੱਡੀ ਵਿੱਚ ਤਿੰਨ ਬੱਚਿਆਂ ਨੂੰ ਕਥਿਤ ਤੌਰ ਉੱਤੇ ਛੱਡ ਕੇ ਮਾਂਵਾਂ ਕਸੀਨੋ ਚਲੀਆਂ ਗਈਆਂ ਤੇ ਬਾਅਦ ਵਿੱਚ ਬੱਚੇ ਚਰਚ ਸਟਰੀਟ ਨੇੜੇ ਸੜਕ ਉੱਤੇ ਖੇਡਦੇ ਮਿਲੇ।

ਸੱਭ ਤੋਂ ਵੱਡੇ ਬੱਚੇ ਨੇ ਪੁਲਿਸ ਨੂੰ ਜਾਣਕਾਰੀ ਦਿੱਤੀ ਕਿ ਉਨ੍ਹਾਂ ਦੀਆਂ ਮਾਂਵਾਂ ਉਨ੍ਹਾਂ ਨੂੰ ਇਸ ਲਈ ਕਾਰ ਵਿੱਚ ਛੱਡ ਗਈਆਂ ਸਨ ਤਾਂ ਕਿ ਉਹ ਕਸੀਨੋ ਜਾ ਸਕਣ। ਮਾਂਵਾਂ ਵੱਲੋਂ ਬੱਚਿਆਂ ਨੂੰ ਸੈੱਲ ਫੋਨ ਵੀ ਦਿੱਤਾ ਗਿਆ ਸੀ ਪਰ ਉਸ ਦੀ ਬੈਟਰੀ ਮੁੱਕ ਚੁੱਕੀ ਸੀ। ਅਧਿਕਾਰੀਆਂ ਨੇ ਦੱਸਿਆ ਕਿ ਕਸੀਨੋ ਦੀ ਸਕਿਊਰਿਟੀ ਫੁਟੇਜ ਤੋਂ ਸਾਹਮਣੇ ਆਇਆ ਕਿ ਬੱਚਿਆਂ ਨੂੰ ਚਾਰ ਘੰਟਿਆਂ ਤੋਂ ਵੀ ਵੱਧ ਸਮੇਂ ਤੋਂ ਜ਼ਿਆਦਾ ਤੱਕ ਇੱਕਲਿਆਂ ਛੱਡਿਆ ਗਿਆ। ਬੱਚਿਆਂ ਦੇ ਮਾਪਿਆਂ ਨੂੰ ਲੋਕੇਟ ਕਰਕੇ ਚਾਈਲਡ ਯੂਥ ਐਂਡ ਫੈਮਿਲੀ ਸਰਵਿਸਿਜ਼ ਐਕਟ ਤਹਿਤ ਚਾਰਜ ਕੀਤਾ ਗਿਆ ਹੈ।

39 ਸਾਲਾ ਅਰੋਰਾ, ਓਨਟਾਰੀਓ ਦੀ ਮਹਿਲਾ, ਜੋ ਕਿ ਨੌਂ ਤੇ 10 ਸਾਲਾਂ ਦੇ ਬੱਚਿਆਂ ਦੀ ਮਾਂ ਸੀ, ਨੂੰ ਬੱਚਿਆਂ ਨੂੰ ਬਿਨਾਂ ਨਿਗਰਾਨੀ ਦੇ ਕਈ ਘੰਟੇ ਤੱਕ ਛੱਡਣ ਲਈ ਚਾਰਜ ਕੀਤਾ ਗਿਆ। ਇਸੇ ਤਰ੍ਹਾਂ ਮਾਰਖਮ ਦੀ 41 ਸਾਲਾ ਮਹਿਲਾ ਨੂੰ ਦੋ ਸਾਲਾ ਬੱਚੇ ਨੂੰ ਬਿਨਾਂ ਵੱਡਿਆਂ ਦੀ ਨਿਗਰਾਨੀ ਦੇ ਕਈ ਘੰਟੇ ਲਈ ਇੱਕਲਿਆਂ ਛੱਡਣ ਵਾਸਤੇ ਚਾਰਜ ਕੀਤਾ ਗਿਆ। ਚਿਲਡਰਨਜ਼ ਏਡ ਸੁਸਾਇਟੀ ਨੂੰ ਇਸ ਬਾਰੇ ਜਾਣਕਾਰੀ ਦੇ ਦਿੱਤੀ ਗਈ ਹੈ ਤੇ ਉਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਵੱਖ ਵੱਖ ਘਟਨਾਵਾਂ ਵਿੱਚ ਦੋ ਪੁਲਿਸ ਅਧਿਕਾਰੀ ਜ਼ਖ਼ਮੀ



ਟੋਰਾਂਟੋ, 9 ਅਪ੍ਰੈਲ (ਪੋਸਟ ਬਿਊਰੋ) : ਸੋਮਵਾਰ ਨੂੰ ਦੋ ਵੱਖ ਵੱਖ ਘਟਨਾਵਾਂ ਵਿੱਚ ਟੋਰਾਂਟੋ ਪੁਲਿਸ ਦੇ ਦੋ ਅਧਿਕਾਰੀ ਜ਼ਖ਼ਮੀ ਹੋ ਗਏ। ਇੱਕ ਪੁਲਿਸ ਅਧਿਕਾਰੀ ਕਾਰ ਚੋਰੀ ਰੋਕਣ ਦੌਰਾਨ ਜ਼ਖ਼ਮੀ ਹੋਇਆ ਜਦਕਿ ਦੂਜੇ ਉੱਤੇ ਹਮਲਾ ਕੀਤੇ ਜਾਣ ਕਾਰਨ ਉਹ ਜ਼ਖ਼ਮੀ ਹੋਇਆ।

ਨੌਰਥ ਯੌਰਕ ਵਿੱਚ ਪੰਜ ਵਿਅਕਤੀਆਂ ਵੱਲੋਂ ਕਾਰ ਚੋਰੀ ਕਰਨ ਦੀ ਕੋਸ਼ਿਸ਼ ਕੀਤੇ ਜਾਣ ਦੀ ਖਬਰ ਦੇ ਕੇ ਪੁਲਿਸ ਅਧਿਕਾਰੀਆਂ ਨੂੰ ਯੌਂਗ ਸਟਰੀਟ ਤੇ ਕਿੰਗਜ਼ਡੇਲ ਐਵਨਿਊ ਉੱਤੇ ਰਾਤੀਂ 10:00 ਵਜੇ ਸੱਦਿਆ ਗਿਆ। ਗ੍ਰਿਫਤਾਰੀ ਦੌਰਾਨ ਇੱਕ ਪੁਲਿਸ ਅਧਿਕਾਰੀ ਨੂੰ ਗੰਭੀਰ ਸੱਟਾਂ ਲੱਗੀਆਂ ਤੇ ਉਸ ਨੂੰ ਹਸਪਤਾਲ ਲਿਜਾਇਆ ਗਿਆ। ਇਸ ਮਗਰੋਂ ਦੋ ਵਿਅਕਤੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਤੇ ਤਿੰਨ ਮਸ਼ਕੂਕਾਂ ਦੀ ਭਾਲ ਕੀਤੀ ਜਾ ਰਹੀ ਹੈ ਕਿਉਂਕਿ ਉਹ ਮੌਕੇ ਤੋਂ ਫਰਾਰ ਹੋ ਗਏ। ਇਸ ਮਾਮਲੇ ਵਿੱਚ ਹੋਰ ਜਾਣਕਾਰੀ ਜਾਰੀ ਨਹੀਂ ਕੀਤੀ ਗਈ।

ਇਸ ਘਟਨਾ ਤੋਂ ਅੰਦਾਜ਼ਨ ਇੱਕ ਘੰਟੇ ਬਾਅਦ ਬੁਲਾਰੇ ਨੇ ਦੱਸਿਆ ਕਿ ਇੱਕ ਵਰਦੀਧਾਰੀ ਪੁਲਿਸ ਅਧਿਕਾਰੀ ਡੰਕਨ ਸਟਰੀਟ ਤੇ ਕੁਈਨ ਸਟਰੀਟ ਵੈਸਟ ਇਲਾਕੇ ਵਿੱਚ ਪੁਲਿਸ ਸਟੇਸ਼ਨ ਵੱਲ ਤੁਰਿਆ ਜਾ ਰਿਹਾ ਸੀ ਜਦੋਂ ਇੱਕ ਵਿਅਕਤੀ ਨੇ ਉਸ ਉੱਤੇ ਹਮਲਾ ਕਰ ਦਿੱਤਾ। ਇੱਕ ਚਸ਼ਮਦੀਦ ਨੇ ਦਖਲ ਦੇ ਕੇ ਹਮਲਾਵਰ ਨੂੰ ਰੋਕਿਆ ਤੇ ਉਸ ਨੂੰ ਗ੍ਰਿਫਤਾਰ ਕੀਤਾ ਜਾ ਸਕਿਆ। ਪੁਲਿਸ ਅਧਿਕਾਰੀ ਇਸ ਹਮਲੇ ਵਿੱਚ ਜ਼ਖ਼ਮੀ ਹੋ ਗਿਆ ਤੇ ਉਸ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਉਸ ਵਿਅਕਤੀ ਵੱਲੋਂ ਪੁਲਿਸ ਅਧਿਕਾਰੀ ਉੱਤੇ ਹਮਲਾ ਕਿਉਂ ਕੀਤਾ ਗਿਆ।

# ਫਲੋਰਿਡਾ ਦੇ ਬਾਰ ’ਚ ਹੋਈ ਫਾਇਰਿੰਗ, 2 ਦੀ ਮੌਤ, 7 ਹੋਏ ਜ਼ਖਮੀ

ਫਲੋਰਿਡਾ, 9 ਅਪ੍ਰੈਲ (ਪੋਸਟ ਬਿਊਰੋ) : ਅਮਰੀਕਾ ਵਿੱਚ ਗੋਲੀਬਾਰੀ ਦੀਆਂ ਘਟਨਾਵਾਂ ਰੁਕ ਨਹੀਂ ਰਹੀਆਂ। ਅਮਰੀਕਾ ਦੇ ਮਿਆਮੀ 'ਚ ਸ਼ਨੀਵਾਰ ਤੜਕੇ ਇਕ ਵਾਰ ਫਿਰ ਤੋਂ ਭਾਰੀ ਗੋਲੀਬਾਰੀ ਹੋਈ, ਜਿਸ 'ਚ ਦੋ ਲੋਕਾਂ ਦੀ ਮੌਤ ਹੋ ਗਈ। ਜਦਕਿ ਸੱਤ ਹੋਰ ਜ਼ਖ਼ਮੀ ਹੋ ਗਏ। ਜਾਂਚਕਰਤਾਵਾਂ ਨੇ ਦੱਸਿਆ ਕਿ ਫਲੋਰਿਡਾ ਦੇ ਡੋਰਲ ਵਿੱਚ ਇੱਕ ਮਾਰਟੀਨੀ ਬਾਰ ਵਿੱਚ ਤੜਕੇ 3:30 ਵਜੇ ਦੇ ਕਰੀਬ ਫਾਇਰਿੰਗ ਹੋਈ।



ਦੱਸਿਆ ਜਾ ਰਿਹਾ ਹੈ ਕਿ ਜਦੋਂ ਸੁਰੱਖਿਆ ਗਾਰਡ ਨੇ ਦਖਲ ਦਿੱਤਾ ਤਾਂ ਇਕ ਵਿਅਕਤੀ ਨੇ ਬੰਦੂਕ ਕੱਢੀ ਅਤੇ ਗਾਰਡ ਨੂੰ ਗੋਲੀ ਮਾਰ ਦਿੱਤੀ। ਉੱਥੇ ਸੁਰੱਖਿਆ ਲਈ ਤਾਇਨਾਤ ਦੋ ਪੁਲਿਸ ਅਧਿਕਾਰੀਆਂ ਨੇ ਜਵਾਬੀ ਕਾਰਵਾਈ ਕੀਤੀ, ਜਿਸ ਵਿੱਚ ਇੱਕ ਬੰਦੂਕਧਾਰੀ ਮਾਰਿਆ ਗਿਆ। ਡੋਰਲ ਪੁਲਿਸ ਮੁਖੀ ਐਡਵਿਨ ਲੋਪੇਜ਼ ਨੇ ਦੱਸਿਆ ਕਿ ਗੋਲੀਬਾਰੀ ਵਿੱਚ ਇੱਕ ਅਧਿਕਾਰੀ ਦੇ ਪੱਟ ਵਿੱਚ ਗੋਲੀ ਲੱਗੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਗੋਲੀਬਾਰੀ 'ਚ ਚਾਰ ਪੁਰਸ਼ ਅਤੇ ਦੋ ਔਰਤਾਂ ਸਮੇਤ ਛੇ ਪੈਦਲ ਯਾਤਰੀ ਵੀ ਜ਼ਖਮੀ ਹੋਏ ਹਨ।

ਜ਼ਖਮੀ ਪੁਲਿਸ ਅਧਿਕਾਰੀ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਹੈ। ਛੇ ਪੈਦਲ ਯਾਤਰੀ ਅਜੇ ਵੀ ਹਸਪਤਾਲ ਵਿੱਚ ਹਨ, ਜਿਨ੍ਹਾਂ ਵਿੱਚੋਂ ਦੋ ਦੀ ਹਾਲਤ ਗੰਭੀਰ ਹੈ। ਦੋ ਅਧਿਕਾਰੀ ਅਤੇ ਸ਼ੁਰੂਆਤੀ ਹਮਲਾਵਰ ਬੰਦੂਕਾਂ ਵਾਲੇ ਹੀ ਸਨ। ਫਲੋਰਿਡਾ ਡਿਪਾਰਟਮੈਂਟ ਆਫ ਲਾਅ ਇਨਫੋਰਸਮੈਂਟ ਗੋਲੀਬਾਰੀ ਦੀ ਜਾਂਚ ਕਰ ਰਿਹਾ ਹੈ, ਜਦੋਂ ਕਿ ਮਿਆਮੀ-ਡੇਡ ਪੁਲਸ ਦੋ ਲੋਕਾਂ ਦੀ ਮੌਤ ਦੀ ਜਾਂਚ ਕਰ ਰਹੀ ਹੈ। ਮਾਰੇ ਗਏ ਬੰਦੂਕਧਾਰੀ ਅਤੇ ਸੁਰੱਖਿਆ ਮੁਲਾਜ਼ਮ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ ਹੈ।

# ਮੋਜ਼ਾਮਬਿਕ ਕਿਸ਼ਤੀ ਹਾਦਸੇ ’ਚ ਮਰਨ ਵਾਲਿਆਂ ਦੀ ਗਿਣਤੀ ਪਹੁੰਚੀ 98, ਕਈ ਹਾਲੇ ਵੀ ਲਾਪਤਾ

ਲੁੰਗਾ, 9 ਅਪ੍ਰੈਲ (ਪੋਸਟ ਬਿਊਰੋ) : ਮੋਜ਼ਾਮਬਿਕ ਵਿੱਚ ਕਿਸ਼ਤੀ ਹਾਦਸੇ ਤੋਂ ਬਾਅਦ ਮਰਨ ਵਾਲਿਆਂ ਦੀ ਗਿਣਤੀ ਵੱਧ ਕੇ 98 ਹੋ ਗਈ ਹੈ। ਮਰਨ ਵਾਲਿਆਂ ਵਿੱਚ ਕਈ ਬੱਚੇ ਵੀ ਸ਼ਾਮਲ ਹਨ। ਇਹ ਘਟਨਾ ਉਦੋਂ ਵਾਪਰੀ ਜਦੋਂ ਲੁੰਗਾ ਵਿੱਚ ਕਥਿਤ ਹੈਜ਼ੇ ਦੇ ਪ੍ਰਕੋਪ ਤੋਂ ਭੱਜ ਰਹੇ ਸਥਾਨਕ ਨਿਵਾਸੀਆਂ ਨੂੰ ਲੈ ਕੇ ਜਾ ਰਹੀ ਇੱਕ ਕਿਸ਼ਤੀ ਦੇਸ਼ ਦੇ ਉੱਤਰੀ ਤੱਟ 'ਤੇ ਡੁੱਬ ਗਈ। ਕਿਸ਼ਤੀ ਵਿੱਚ ਸਮਰੱਥਾ ਤੋਂ ਵੱਧ ਲੋਕ ਸਵਾਰ ਸਨ। ਕਿਸ਼ਤੀ ਐਤਵਾਰ ਨੂੰ ਦੱਖਣੀ-ਪੂਰਬੀ ਅਫਰੀਕੀ ਦੇਸ਼ ਮੋਜ਼ਾਮਬਿਕ ਦੇ ਟਾਪੂ ਲਈ ਤੱਟ ਤੋਂ ਨਿਕਲਣ ਤੋਂ ਬਾਅਦ ਡੁੱਬ ਗਈ। ਕਿਸ਼ਤੀ 'ਤੇ ਕਰੀਬ 130 ਲੋਕ ਸਵਾਰ ਸਨ ਅਤੇ ਘੱਟੋ-ਘੱਟ 11 ਲੋਕਾਂ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ।



ਜ਼ਿਆਦਾਤਰ ਲਾਸ਼ਾਂ ਐਤਵਾਰ ਨੂੰ ਬਰਾਮਦ ਕੀਤੀਆਂ ਗਈਆਂ ਸਨ, ਪਰ ਸੋਮਵਾਰ ਨੂੰ ਸੱਤ ਹੋਰ ਲਾਸ਼ਾਂ ਮਿਲੀਆਂ, ਜਿਸ ਨਾਲ ਮਰਨ ਵਾਲਿਆਂ ਦੀ ਗਿਣਤੀ 91 ਤੋਂ 98 ਹੋ ਗਈ। ਬਚਾਅ ਕਾਰਜ ਜਾਰੀ ਹਨ, ਕਿੰਨੇ ਲੋਕ ਲਾਪਤਾ ਹਨ ਦੱਸਣਾ ਮੁਸ਼ਕਲ ਹੈ।

ਕਿਸ਼ਤੀ ਦੇ ਡੁੱਬਣ ਲਈ ਮੁਸਾਫਰਾਂ ਲਈ ਅਣਉਚਿਤ ਕਿਸ਼ਤੀ ਦੀ ਵਰਤੋਂ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਕਿਸ਼ਤੀ ਨੂੰ ਆਮ ਤੌਰ 'ਤੇ ਮੱਛੀਆਂ ਫੜ੍ਹਨ ਲਈ ਵਰਤਿਆ ਜਾਂਦਾ ਸੀ ਅਤੇ ਲੁੰਗਾ ਸ਼ਹਿਰ ਦੇ ਲੋਕ ਹੈਜ਼ੇ ਤੋਂ ਬਚਣ ਲਈ ਮੋਜ਼ਾਮਬਿਕ ਦੇ ਟਾਪੂ ਵੱਲ ਜਾਣ ਦੀ ਕੋਸ਼ਿਸ਼ ਕਰ ਰਹੇ ਸਨ। ਸਥਾਨਕ ਲੋਕਾਂ ਦਾ ਮੰਨਣਾ ਹੈ ਕਿ ਲੁੰਗਾ ਵਿੱਚ ਹੈਜ਼ੇ ਦੇ ਮਾਮਲਿਆਂ ਵਿੱਚ ਅਚਾਨਕ ਵਾਧਾ ਹੋਇਆ ਹੈ।

# ਈਡੀ ਨੇ ਦਿੱਲੀ ਅੰਤਰਰਾਸ਼ਟਰੀ ਏਅਰਪੋਰਟ ਤੋਂ 5 ਹਜ਼ਾਰ ਕਰੋੜ ਦੀ ਧੋਖਾਧੜੀ ਦਾ ਮੁਲਜ਼ਮ ਕੀਤਾ ਗ੍ਰਿਫਤਾਰ

ਨਵੀਂ ਦਿੱਲੀ, 9 ਅਪ੍ਰੈਲ (ਪੋਸਟ ਬਿਊਰੋ) : ਜਾਂਚ ਏਜੰਸੀ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੂੰ ਵੱਡੀ ਕਾਮਯਾਬੀ ਮਿਲੀ ਹੈ। ਦਿੱਲੀ ਦੇ ਅੰਤਰਰਾਸ਼ਟਰੀ ਏਅਰਪੋਰਟ ਤੋਂ ਇੱਕ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਨੇ ਸਾਈਬਰ ਕ੍ਰਾਈਮ ਅਤੇ ਆਨਲਾਈਨ ਗੇਮਿੰਗ ਰਾਹੀਂ ਆਮ ਲੋਕਾਂ ਨਾਲ 5000 ਕਰੋੜ ਰੁਪਏ ਦੀ ਧੋਖਾਧੜੀ ਕੀਤੀ ਹੈ। ਇਸ ਦੇ ਨਾਲ ਹੀ ਈਡੀ ਨੇ ਇਹ ਵੀ ਕਿਹਾ ਕਿ ਇਸ ਮਾਮਲੇ ਵਿੱਚ ਇੱਕ ਹੋਰ ਮੁਲਜ਼ਮ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਇਹ ਮੁਲਜ਼ਮ ਧੋਖਾਧੜੀ ਦਾ ਪੈਸਾ ਭਾਰਤ ਤੋਂ ਬਾਹਰ ਭੇਜਦੇ ਸਨ। ਮੁਲਜ਼ਮ ਦੀ ਪਛਾਣ ਪੁਨੀਤ ਕੁਮਾਰ ਉਰਫ ਪੁਨੀਤ ਮਹੇਸ਼ਵਰੀ ਵਜੋਂ ਹੋਈ ਹੈ।

# ਕੁੱਝ ਸਕੂਲ ਬੰਦ ਕਰਨ ਦੇ ਟੀਡੀਐਸਬੀ ਦੇ ਪ੍ਰਸਤਾਵ ਨੂੰ ਲਿਚੇ ਨੇ ਕੀਤਾ ਖਾਰਜ

ਪੰਨਾ 1 ਦਾ ਬਾਕੀ

ਟੀਡੀਐਸਬੀ ਨੂੰ ਬਜਟ ਸੰਤੁਲਿਤ ਕਰਨ ਲਈ ਅਗਲੇ ਸਕੂਲ ਵਰ੍ਹੇ ਵਾਸਤੇ 27 ਮਿਲੀਅਨ ਡਾਲਰ ਦੇ ਨੇੜੇ ਤੇੜੇ ਦੀ ਬਚਤ ਚਾਹੀਦੀ ਹੈ ਤੇ ਇਸੇ ਲਈ ਪ੍ਰੋਵਿੰਸ ਤੋਂ ਕੁੱਝ ਸਕੂਲਾਂ ਨੂੰ ਬੰਦ ਕਰਨ ਦੀ ਇਜਾਜ਼ਤ ਮੰਗੀ ਗਈ ਸੀ। ਇੱਕ ਬਿਆਨ ਵਿੱਚ ਲਿਚੇ ਨੇ ਆਖਿਆ ਕਿ ਇਹ ਸਪਸ਼ਟ ਹੈ ਕਿ ਬੋਰਡ ਆਪਣੇ ਬਜਟ ਨੂੰ ਮੈਨੇਜ ਕਰਨ ਦੀ ਸਮਰੱਥਾ ਨਹੀਂ ਰੱਖਦਾ ਤੇ ਨਾ ਹੀ ਵਿਦਿਆਰਥੀਆਂ ਲਈ ਸੇਵਾਵਾਂ ਨੂੰ ਤਰਜੀਹ ਦੇਣ ਵੱਲ ਹੀ ਗੰਭੀਰ ਹੈ। ਉਨ੍ਹਾਂ ਆਖਿਆ ਕਿ 2019 ਤੋਂ ਸਰਕਾਰ ਵੱਲੋਂ ਟੀਡੀਐਸਬੀ ਨੂੰ 128 ਮਿਲੀਅਨ ਡਾਲਰ ਤੋਂ ਵੱਧ ਦੇ ਫੰਡ ਮੁਹੱਈਆ ਕਰਵਾਏ ਜਾ ਚੁੱਕੇ ਹਨ ਜਿਸ ਨਾਲ ਸਾਰੇ ਵਿਦਿਆਰਥੀ ਚੰਗੀ ਤਰ੍ਹਾਂ ਮੈਨੇਜ ਹੋ ਰਹੇ ਸਨ। ਉਨ੍ਹਾਂ ਆਖਿਆ ਕਿ ਉਹ ਟੀਡੀਐਸਬੀ ਨੂੰ ਇਹੋ ਸਲਾਹ ਦੇਣੀ ਚਾਹੁਣਗੇ ਕਿ ਪਿਛਲੇ 20 ਸਾਲਾਂ ਤੋਂ ਘਾਟਿਆਂ ਦੀ ਮਾਰ ਸਹਿ ਰਹੇ ਬੋਰਡ ਨੂੰ ਵਿਦਿਆਰਥੀਆਂ ਉੱਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ ਤੇ ਗੈਰ ਪਬਲਿਕ ਸਕੂਲਾਂ ਦੇ ਵਿਦਿਆਰਥੀਆਂ ਲਈ ਸੇਵਾਵਾਂ ਵਿੱਚ ਕਟੌਤੀ ਕਰਨੀ ਬੰਦ ਕਰ ਦੇਣੀ ਚਾਹੀਦੀ ਹੈ।

**Allseas Fisheries Inc. is Hiring!**
**DZ licensed delivery drivers needed.**
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL
ਪਾਸਪੋਰਟ / ਵੀਜ਼ਾ
• ਓ ਸੀ ਆਈ
• ਸਰੈਂਡਰ ਸਰਟੀਫਿਕੇਟ, ਪੈਨ ਕਾਰਡ
• ਫੈਮਲੀ ਪਟੀਸ਼ਨ • ਗਰੀਨ ਕਾਰਡ
• ਸਿਟੀਜ਼ਨ • ਵਸੀਅਤ • Living Trust
• ਫੈਮਲੀ ਪਟੀਸ਼ਨ • Legal Documents
Vehicle Registration (Approved by CA DMV)
• ਕਾਰ ਸਟਿੱਕਰ ਸਲਾਨਾ
• ਕਾਰ ਟਰਾਂਸਫਰ
• ਪਲੇਟਾਂ ਤੇ ਸਟਿੱਕਰ
• ਕਮਰਸ਼ੀਅਲ ਵਹੀਕਲ
• Vin Verification
Other Services
• Live Scan / Fingerprints
• Covered California
• Drug Testing • Alcohol Test
• Notary Services
• International Driver Lic.
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse, DOT Supervisor Training, SAP Classes Etc
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC MEMBER
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com




# ਕਾਰਾਂ ਚੋਰੀ ਰੋਕਣ ਸਬੰਧੀ ਜਾਣਕਾਰੀ ਦੇਣ ਲਈ ਓਂਟਾਰੀਓ ਪੁਲਿਸ ਦੀ ਕੈਲੇਡਨ-ਵਾਸੀਆਂ ਨਾਲ ਮੀਟਿੰਗ

ਕੈਲੇਡਨ, 9 ਅਪ੍ਰੈਲ (ਡਾ. ਝੰਡ) - ਓਨਟਾਰੀਓ ਸੂਬੇ ਵਿੱਚ ਕਾਰਾਂ ਦੀ ਚੋਰੀ ਦੀਆਂ ਘਟਨਾਵਾਂ ਦਾ ਹੋਣਾ ਆਮ ਜਿਹਾ ਵਰਤਾਰਾ ਬਣ ਗਿਆ ਲੱਗਦਾ ਹੈ। ਮਹਿੰਗੀਆਂ ਗੱਡੀਆਂ ਚੋਰੀ ਹੋ ਕੇ ਵਿਦੇਸ਼ਾਂ ਵਿਚ ਭੇਜੇ ਜਾਣ ਦੀਆਂ ਖ਼ਬਰਾਂ ਵੀ ਲੋਕਾਂ ਨੂੰ ਵੇਖਣ ਸੁਣਨ ਨੂੰ ਮਿਲ ਰਹੀਆਂ ਹਨ। ਕਾਰਾਂ ਦੀ ਇਸ ਚੋਰੀ ਨੂੰ ਰੋਕਣ ਲਈ ਓਨਟਾਰੀਓ ਪ੍ਰੋਵਿੰਸ ਪੁਲੀਸ(ਓ.ਪੀ.ਪੀ.) ਵੱਲੋਂ ਕਈ ਯਤਨ ਕੀਤੇ ਜਾ ਰਹੇ ਹਨ। ਲੋਕਾਂ ਨੂੰ ਇਸ ਦੇ ਬਾਰੇ ਜਾਗਰੂਕ ਕਰਨ ਅਤੇ ਲੋੜੀਂਦੀਆਂ ਸਾਵਧਾਨੀਆਂ ਵਰਤਣ ਬਾਰੇ ਉਨ੍ਹਾਂ ਨਾਲ ਮੀਟਿੰਗਾਂ ਕਰਕੇ ਲੋੜੀਂਦੀ ਜਾਣਕਾਰੀ ਸਾਂਝੀ ਕੀਤੀ ਜਾ ਰਹੀ ਹੈ।



ਕਾਰ ਚੋਰੀ ਦੇ ਇਸ ਵੱਧਦੇ ਰੁਝਾਨ ਨੂੰ ਨੱਥ ਪਾਉਣ ਲਈ ਅਜਿਹੀ ਹੀ ਇੱਕ ਇਕੱਤਰਤਾ ਦਾ ਆਯੋਜਨਕੈਲੇਡਨ ਦੇ ਸਥਾਨਕ ਭਾਈਚਾਰੇ ਨਾਲ ਓਨਟਾਰੀਓ ਪੁਲੀਸ ਦੀ ਕੈਲੇਡਨ ਬਰਾਂਚ ਵੱਲੋਂ ਲੰਘੇ ਮੰਗਲਵਾਰ 2 ਅਪ੍ਰੈਲ ਨੂੰ ਸਾਊਥ ਫ਼ੀਲਡ ਕਮਿਊਨਿਟੀ ਸੈਂਟਰ ਵਿੱਚਕੀਤਾ ਗਿਆ। ਇੱਥੇ ਇਹ ਦੱਸਣਾ ਬਣਦਾ ਹੈ ਕਿ ਜਿੱਥੇ ਓ.ਪੀ.ਪੀ. ਕਾਰ-ਚੋਰੀ ਦੇ ਇਸ ਰੁਝਾਨ ਨੂੰ ਰੋਕਣ ਲਈ ਯਤਨਸ਼ੀਲ ਹੈ, ਉੱਥੇ ਸਥਾਨਕ ਭਾਈਚਾਰਾ ਵੀ ਇਸ ਪ੍ਰਤੀ ਕਾਫ਼ੀ ਗੰਭੀਰ ਹੈ ਅਤੇ ਪੁਲੀਸ ਨੂੰ ਉਸ ਦੇ ਵੱਲੋਂ ਮਿਲਵਰਤਣ ਦਾ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਲੋਕ ਇਨ੍ਹਾਂ ਮੀਟਿੰਗਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈ ਰਹੇ ਹਨ। ਕੈਲੇਡਨ ਵਿੱਚ ਹੋਈ ਇਸ ਮੀਟਿੰਗ ਵਿੱਚ ਵੀ ਲੋਕ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ ਅਤੇ ਉਨ੍ਹਾਂ ਵੱਲੋਂ ਪੁਲੀਸ ਨੂੰ ਹਰ ਪ੍ਰਕਾਰ ਦੇ ਸਹਿਯੋਗ ਦਾ ਭਰੋਸਾ ਦਿੱਤਾ ਗਿਆ। ਕਾਰਾਂ ਦੀਆਂ ਚਾਬੀਆਂ ਦੀ ਸਹੀ ਸੰਭਾਲ ਲਈ ਪੁਲੀਸ ਵੱਲੋਂ ਉਨ੍ਹਾਂ ਨੂੰ ਸੁਰੱਖਿਅਤ 'ਕੀ-ਪਾਊਚ' ਦਿੱਤੇ ਗਏ।

ਇਸ ਮਹੱਤਵਪੂਰਵਕ ਇਕੱਤਰਤਾ ਵਿੱਚ ਕੈਲੇਡਨ ਸੀਨੀਅਰਜ਼ ਕਲੱਬ ਦੇ ਪ੍ਰਧਾਨ ਜਸਵੰਤ ਸਿੰਘ ਗਰੇਵਾਲ, ਗੁਰਦੇਵ ਸਿੰਘ ਸੇਖੋਂ, ਨਿਰਵੈਰ ਸਿੰਘ, ਧਰਮ ਸਿੰਘ ਭੰਗੂ,ਬਲਦੇਵ ਸਿੰਘ, ਤਰਲੋਚਨ ਸਿੰਘ ਗਰੇਵਾਲ, ਜਸਪਾਲ ਸਿੰਘ, ਸੁਰਜੀਤ ਸਿੰਘ ਵੜੈਚ, ਗੁਰਨਾਮ ਸਿੰਘ, ਹਰਚਰਨ ਸਿੰਘ ਟਿਵਾਣਾ, ਭੂਸ਼ਨ ਕੁਮਾਰ, ਕੁਲਦੀਪ ਸਿੰਘ ਮੈਨੇਜਰ, ਮਲੂਕ ਸਿੰਘ ਕਾਹਲੋਂ, ਹੁਨਰ ਕਾਹਲੋਂ ਸਮੇਤ ਕਈ ਨੌਜੁਆਨ ਅਤੇ ਸੀਨੀਅਰਜ਼ ਵਿਸ਼ੇਸ ਤੌਰ 'ਤੇ ਸ਼ਾਮਲ ਹੋਏ।




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Well settled Ramgarhia Family living in Winnipeg from 16 years looking for a suitable match for their son 33-year-old,5-10 Tall, clean shaved, Active in Real Estate Business and financing Business Manitoba and Ontario.
Contact number-204-510-7658 and 519-917-5055.
7Feb

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ।
ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664







**Allseas Fisheries Inc. is Hiring!**
**DZ licensed delivery drivers needed.**
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**






# ਪਾਕਿਸਤਾਨ ਵਿੱਚ ਸ਼ਾਹਮੁਖੀ ਤੋਂ ਗੁਰਮੁਖੀ ਦਾ ਸਫ਼ਰ : ਮੇਰੀ ਨਜ਼ਰ ਤੋਂ ...

ਡਾ. ਜਗਮੋਹਨ ਸੰਘਾ
ਫ਼ੋਨ : +1 416-820-1822

"ਮੈਂ ਚਾਹੁੰਦਾ ਹਾਂ ਕਿ ਸਾਡੀ ਯੂਨੀਵਰਸਿਟੀ ਵਿਚ ਗੁਰਮੁਖੀ ਪਹਿਲੀ ਕਲਾਸ ਤੋਂ ਲੈ ਕੇ ਡਾਕਟਰੇਟ ਤੱਕ ਪੜ੍ਹਾਈ ਜਾਵੇ।" ਇਹ ਕਹਿੰਦਿਆਂ ਹੋਇਆਂ ਡਾ. ਮੁਹੰਮਦ ਅਫ਼ਜ਼ਲ ਹੁਰਾਂ ਦੀਆਂ ਅੱਖਾਂ ਦੀ ਚਮਕ ਵੱਧ ਜਾਂਦੀ ਹੈ। ਯੂਨੀਵਰਸਿਟੀ ਦੇ ਕੋਰੀਡੋਰ ਵਿਚ ਮੇਰੇ ਨਾਲ ਚੱਲਦਿਆਂ ਉਹ ਇੰਜ ਉਤੇਜਿਤ ਹੋ ਰਹੇ ਹਨ, ਜਿਵੇਂ ਕੋਈ ਬੱਚਾ ਆਪਣੇ ਅਨਮੁੱਲੇ ਖਿਡੌਣੇ ਵਿਖਾ ਰਿਹਾ ਹੋਵੇ। ਮੁਹੰਮਦ ਅਫ਼ਜ਼ਲ ਬਾਬਾ ਗੁਰੂ ਨਾਨਕ ਯੂਨੀਵਰਸਿਟੀ, ਨਨਕਾਣਾ ਸਾਹਿਬ ਦੇ ਪਹਿਲੇ ਵਾਈਸ-ਚਾਂਸਲਰ ਹਨ ਅਤੇ ਪੰਜਾਬੀ ਲਈ ਉਨ੍ਹਾਂ ਦੀ ਮੁਹੱਬਤ ਡੁੱਲ੍ਹ-ਡੁੱਲ੍ਹ ਪੈਂਦੀ ਹੈ। "ਮੈਨੂੰ ਉਸ ਦਿਨ ਦਾ ਇੰਤਜ਼ਾਰ ਰਹੇਗਾ ਜਦੋਂ ਸਿਰਫ਼ ਨਨਕਾਣਾ ਸਾਹਿਬ ਦੇ ਸਟੂਡੈਂਟਸ ਹੀ ਨਹੀਂ, ਬਲਕਿ ਸਾਰੇ ਪਾਕਿਸਤਾਨ ਤੋਂ, ਤੇ ਸਗੋਂ ਬਾਹਰੋਂ ਵੀ ਲੋਕ ਪੰਜਾਬੀ ਪੜ੍ਹਨ ਸਾਡੀ ਯੂਨੀਵਰਸਿਟੀ ਵਿਚ ਆਉਣਗੇ।" ਇਹ ਕਹਿੰਦਿਆਂ ਮੁਹੰਮਦ ਅਫ਼ਜ਼ਲ ਹੁਰਾਂ ਦੀਆਂ ਅੱਖਾਂ ਦੀ ਚਮਕ ਹੋਰ ਵੀ ਵੱਧ ਜਾਂਦੀ ਹੈ।

ਪੰਜਾਬੀ ਨੂੰ ਬੇਪਨਾਹ ਪਿਆਰ ਕਰਨ ਵਾਲੇ ਸਿਰਫ ਉਹ ਹੀ ਨਹੀਂ, ਬਲਕਿ ਪਾਕਿਸਤਾਨ ਵਿਚ ਬਹੁਤ ਸਾਰੇ ਹੋਰ ਬੁੱਧੀਜੀਵੀ ਵੀ ਹਨ। ਇਨ੍ਹਾਂ ਵਿਚੋਂ ਕੁਝ ਲੋਕ ਮੇਰੇ ਨਾਲ ਕਾਫ਼ੀ ਚਿਰ ਤੋਂ ਜੁੜੇ ਹੋਏ ਹਨ। ਕਈਆਂ ਨਾਲ ਤਾਂ ਵੱਖ-ਵੱਖ ਮੁਲਕਾਂ ਵਿਚ ਮੁਲਾਕਾਤ ਵੀ ਹੁੰਦੀ ਰਹੀ ਹੈ, ਪਰ ਮੇਰੀ ਫਰਵਰੀ 2024 ਦੀ ਪਾਕਿਸਤਾਨੀ ਫੇਰੀ ਦੌਰਾਨ ਪੰਜਾਬੀ ਨੂੰ ਸ਼ਿੱਦਤ ਨਾਲ ਪਿਆਰ ਕਰਨ ਵਾਲੇ ਕੁਝ ਹੋਰ ਬੁੱਧੀਜੀਵੀ ਵੀ ਜੁੜ ਗਏ। ਮੈਂ ਪ੍ਰੋਫੈਸਰ (ਡਾ.) ਨਬੀਲਾ ਰਹਿਮਾਨ, ਪ੍ਰਿੰਸੀਪਲ ਓਰੀਐਂਟਲ ਕਾਲਜ ਲਾਹੌਰ, ਜਿਨ੍ਹਾਂ ਕੋਲ ਝੰਗ ਯੂਨੀਵਰਸਿਟੀ ਦੇ ਵੀ.ਸੀ. ਦਾ ਵਾਧੂ ਅਹੁਦਾ ਵੀ ਹੈ ਅਤੇ ਦਿਆਲ ਸਿੰਘ ਰੀਸਰਚ ਐਂਡ ਕਲਚਰਲ ਫੋਰਮ, ਲਾਹੌਰ ਦੇ ਚੇਅਰਮੈਨ ਡਾ. ਰੱਜ਼ਾਕ ਸ਼ਾਹਿਦ ਦੇ ਸੱਦੇ 'ਤੇ ਗਿਆ ਸਾਂ। ਇਸ ਦਸ ਦਿਨਾਂ ਦੌਰਾਨ



ਯੂਨੀਵਰਸਿਟੀ ਆਫ਼ 'ਦ ਪੰਜਾਬ ਵਿੱਚ ਲੈਕਚਰ ਦਿੱਤੇ ਤੇ ਅਪਣੀ ਫਿਲਮ 'ਡ੍ਰਾਈਡ ਅਪਰੀਕੋਟਸ' ਦਾ ਪਾਕਿਸਤਾਨ ਪ੍ਰੀਮੀਅਰ ਵੀ ਕੀਤਾ। ਮੇਰੀ ਫਿਲਮ ਦੇ ਗਾਇਕ ਇਕਬਾਲ ਬਰਾੜ ਅਤੇ ਐਕਟਰੈੱਸ ਕੁਲ ਦੀਪ ਵੀ ਇਸ ਦੌਰੇ 'ਤੇ ਮੇਰੇ ਨਾਲ ਗਏ ਸਨ।

ਓਰੀਐਂਟਲ ਕਾਲਜ ਵਿਚ ਬੋਲਦਿਆਂ ਮੈਂ ਆਖਿਆ ਕਿ ਮੈਂ ਉਸ ਧਰਤੀ 'ਤੇ ਖੜਾ ਹਾਂ ਜਿੱਥੇ ਦੁਨੀਆਂ ਦੇ ਸੱਭ ਤੋਂ ਜ਼ਿਆਦਾ ਪੰਜਾਬੀ ਵੱਸਦੇ ਹਨ। ਇਸ 'ਤੇ ਬਹੁਤ ਸਾਰੀਆਂ ਤਾੜੀਆਂ ਵੀ ਵੱਜੀਆਂ। ਪਰ ਜ਼ਮੀਨੀ ਹਕ਼ੀਕ਼ਤ ਇਹ ਹੈ ਕਿ ਅੱਜ ਵੀ ਪਾਕਿਸਤਾਨ ਵਿਚ ਪੰਜਾਬੀ ਬੋਲੀ ਨੂੰ ਉਹ ਮੁਕਾਮ ਨਹੀਂ ਮਿਲਿਆ ਜਿਹਦੀ ਉਮੀਦ ਵਿਚ ਬਹੁਤ ਸਾਰੇ ਇਸ ਬੋਲੀ ਨੂੰ ਮੁਹੱਬਤ ਕਰਨ ਵਾਲੇ ਤੇ ਉੱਘੇ ਪੰਜਾਬੀ ਬੈਠੇ ਹਨ ਇਸ ਮੌਕੇ ਮਸ਼ਹੂਰ ਲੇਖਕ ਤੇ ਪੰਜਾਬੀ ਕਾਰਕੁੰਨ ਇਲਿਆਸ ਘੁੰਮਣ ਨਾਲ ਉਨ੍ਹਾਂ ਦੀ ਪਾਰਟੀਸ਼ਨ 'ਤੇ ਲਿਖੀ ਕਿਤਾਬ 'ਵੰਡ' ਬਾਰੇ ਵੀ ਉਨ੍ਹਾਂ ਨਾਲ ਵਿਚਾਰ-ਵਟਾਂਦਰਾ ਹੋਇਆ ਤੇ "ਪੰਜਾਬ ਹਾਊਸ" ਦੇ ਮੁਦੱਸਰ ਬੱਟ ਹੁਰਾਂ ਨਾਲ ਵੀ ਸ਼ਾਹਮੁਖੀ ਤੇ ਗੁਰਮੁਖੀ ਦੇ ਸੁਮੇਲ ਬਾਰੇ ਚਰਚਾ ਹੋਈ।

ਅਗਰ ਪਿਛੋਕੜ ਦੇਖੀਏ ਤਾਂ ਅੰਗਰੇਜ਼ਾਂ ਨੇ ਇੱਕ ਸੋਚੀ ਸਮਝੀ ਵਿਉਂਤਬੰਦੀ ਅਧੀਨ ਪਰਸ਼ੀਅਨ (ਫ਼ਾਰਸੀ) ਜ਼ੁਬਾਨ ਨੂੰ ਹੌਲੀ -ਹੌਲੀ ਇਸ ਲਈ ਖਤਮ ਕਰ ਦਿੱਤਾ ਕਿਉਂਕਿ ਪਰਸ਼ੀਅਨ ਨੂੰ ਮੁਗ਼ਲਾਂ ਦੀ ਜ਼ੁਬਾਨ ਕਿਹਾ ਜਾਂਦਾ ਸੀ। ਉਨ੍ਹਾਂ ਨੇ ਸਿੰਧ ਵਾਲਿਆਂ ਨੂੰ ਸਿੰਧੀ ਬੋਲੀ ਤਾਂ ਦੇ ਦਿੱਤੀ ਪਰ ਪਾਕਿਸਤਾਨ ਵਿਚ ਵੱਸਦੇ ਕਰੋੜਾਂ ਪੰਜਾਬੀਆਂ ਦੀ ਝੋਲੀ ਪੰਜਾਬੀ ਬੋਲੀ ਤੋਂ ਮਹਿਰੂਮ ਹੀ ਰਹਿ ਗਈ ਅਤੇ ਉਨ੍ਹਾਂ ਨੂੰ ਕੌਮੀ ਜ਼ੁਬਾਨ ਉਰਦੂ ਨੂੰ ਹੀ ਅਪਨਾਉਣਾ ਪਿਆ। ਵੱਡੀ ਤ੍ਰਾਸਦੀ ਇਹ ਹੈ ਕਿ ਅੱਜ ਵੀ ਪਾਕਿਸਤਾਨ ਦੀ ਤਕਰੀਬਨ ਅੱਧੀ ਆਬਾਦੀ ਪੰਜਾਬੀ ਬੋਲਦੀ ਹੈ ਜਦ ਕਿ ਉਰਦੂ ਬੋਲਣ ਵਾਲੇ ਕੇਵਲ 7% ਦੇ ਕਰੀਬ ਹੀ ਹਨ। ਇਸ ਸੱਭ ਦੇ ਬਾਵਜੂਦ ਵੀ ਪਾਕਿਸਤਾਨ ਦੀ ਕੌਮੀ ਭਾਸ਼ਾ ਉਰਦੂ ਹੀ ਹੈ।

ਕਿਹਾ ਜਾਂਦਾ ਹੈ ਕਿ ਪਾਕਿਸਤਾਨ ਦੀ ਫੌਜ ਵਿੱਚ ਤਿੰਨ-ਚੌਥਾਈ ਤੋਂ ਜ਼ਿਆਦਾ ਪੰਜਾਬੀ ਹਨ। ਪਾਕਿ-ਸਤਾਨ ਦੀ ਸਿਵਲ-ਸਰਵਿਸ ਵਿਚ ਵੀ ਪੰਜਾਬੀਆਂ ਦੀ ਬਹੁ-ਗਿਣਤੀ ਹੈ। ਮੈਨੂੰ ਇਸ ਦੌਰੇ ਦੌਰਾਨ ਇਸ ਗੱਲ ਦੀ ਖੁਸ਼ੀ ਹੋਈ ਕਿ ਹੌਲੀ-ਹੌਲੀ ਪੰਜਾਬੀ ਰੋਜ਼ਗਾਰ ਦੀ ਭਾਸ਼ਾ ਬਣਦੀ ਜਾ ਰਹੀ ਹੈ। ਸਾਨੂੰ ਦਿੱਤੇ ਗਏ ਦੋਵੇਂ ਸੁਰੱਖਿਆ-ਕਰਮੀ ਪੁਲਿਸ ਵਿਚ ਹੁੰਦੇ ਹੋਏ ਵੀ ਪੰਜਾਬੀ ਵਿਚ ਪੀਐੱਚ. ਡੀ. ਕਰ ਰਹੇ ਸਨ।

ਸਾਡੀ ਇਸ ਫੇਰੀ ਦੌਰਾਨ ਬਹੁਤ ਸਾਰੇ ਨਵੀਂ ਪੀੜ੍ਹੀ ਦੇ ਨੌਜੁਆਨ ਵੀ ਮਿਲੇ ਜਿਹੜੇ ਪੰਜਾਬੀ ਵਿਚ ਐੱਮ. ਏ., ਐੱਮ. ਫ਼ਿਲ. ਤੇ ਪੀਐੱਚ. ਡੀ. ਕਰ



ਰਹੇ ਹਨ ਅਤੇ ਕਈ ਇਹ ਕਰਨ ਤੋਂ ਬਾਅਦ ਹੁਣ ਕਾਲਜਾਂ ਜਾਂ ਯੂਨੀਵਰਸਿਟੀਆਂ ਵਿਚ ਪੜ੍ਹਾ ਵੀ ਰਹੇ ਹਨ। ਇਸ ਸਫਰ ਵਿੱਚਡਾ. ਨਬੀਲਾ ਰਹਿਮਾਨ ਵਰਗੇ ਮਾਰਗ-ਦਰਸ਼ਕ ਬਾਖ਼ੂਬੀ ਆਪਣਾ ਫਰਜ਼ ਨਿਭਾ ਰਹੇ ਹਨ। ਉਹ ਅਤੇ ਹੋਰ ਕਈ ਹੋਰ ਸ਼ਖ਼ਸ ਪਾਕਿਸਤਾਨ ਵਿੱਚ ਗੁਰਮੁਖੀ ਦੇ ਪ੍ਰਚਾਰ ਵਿਚ ਰੁੱਝੇ ਹੋਏ ਹਨ।

ਜਿਵੇਂ ਚੜ੍ਹਦੇ ਪੰਜਾਬ ਵਿੱਚ ਬਹੁਤ ਸਾਰੇ ਪੰਜਾਬੀ ਆਪਣਿਆਂ ਬੱਚਿਆਂ ਨਾਲ ਹਿੰਦੀ ਬੋਲਦੇ ਹਨ, ਇੰਜ ਹੀ ਲਹਿੰਦੇ ਪੰਜਾਬ ਵਿਚ ਵੀ ਬਹੁਤ ਸਾਰੇ ਪੰਜਾਬੀ, ਉਰਦੂ ਬੋਲਣ ਵਿਚ ਆਪਣੇ ਆਪ ਨੂੰ ਉਚੇਰੇ ਦਰਜੇ ਦਾ ਮਹਿਸੂਸ ਕਰਦੇ ਹਨ। ਜਾਂ ਫਿਰ ਇਹ ਵੀ ਹੋ ਸਕਦਾ ਹੈ ਕਿ ਸਰਕਾਰੀ ਭਾਸ਼ਾ ਹੋਣ ਕਰਕੇ ਉਰਦੂ ਬੋਲਣਾ ਉਨ੍ਹਾਂ ਲਈ ਇੱਕ ਮਨੋਵਿਗਿਆਨਕ ਕਿਰਿਆ ਹੋ ਕੇ ਰਹਿ ਗਈ ਹੋਵੇ ਮੈਨੂੰ ਪਾਕਿ-ਸਤਾਨ ਦੇ ਇੱਕ ਉੱਘੇ ਸ਼ਾਇਰ ਦੀ ਯਾਦ ਹਮੇਸ਼ਾ ਆਉਂਦੀ ਹੈ ਜਿਨ੍ਹਾਂ ਨੂੰ ਮੈਂ 20 ਕੁ ਸਾਲ ਪਹਿਲਾਂ ਇੰਟਰਵਿਊ ਕੀਤਾ ਸੀ। ਉਨ੍ਹਾਂ ਦਿਨਾਂ ਵਿਚ ਜਗਜੀਤ ਸਿੰਘ ਹੁਰਾਂ ਨੇ ਉਨ੍ਹਾਂ ਦੀ ਇੱਕ ਗ਼ਜ਼ਲ ਗਾਈ ਸੀ। ਸ਼ਹਿਰ ਵਿਚ ਘੁੰਮਦਿਆਂ ਤੇ ਖਾਣੇ ਖਾਂਦਿਆਂ ਉਹ ਮੇਰੇ ਨਾਲ ਠੇਠ ਪੰਜਾਬੀ ਵਿੱਚ ਗੱਲ ਕਰਦੇ ਪਰ ਜਿਉਂ ਹੀ ਮੈਂ ਇੰਟਰਵਿਊ ਦੀ ਰਿਕਾਰਡ ਕਰਨੀ ਸ਼ੁਰੂ ਕਰਦਾ, ਉਹ ਉਸ ਵੇਲੇ ਅਚਾਨਕ ਉਰਦੂ ਬੋਲਣ ਲੱਗ ਪੈਂਦੇ। ਖੁਸ਼ੀ ਦੀ ਗੱਲ ਇਹ ਹੈ ਕਿ ਇਹ ਰੁਝਾਨ ਹੁਣ ਬਦਲ ਰਿਹਾ ਹੈ ਤੇ ਬਹੁਤ ਸਾਰੇ ਪੰਜਾਬੀ ਦੇ ਕਾਰਕੁੰਨ ਭਾਸ਼ਾ ਦੇ ਪ੍ਰਸਾਰ ਤੇ ਪ੍ਰਚਾਰ ਵਿਚ ਜੁੱਟ ਗਏ ਹਨ। ਕੁਝ ਸਾਲ ਪਹਿਲਾਂ ਤੱਕ ਹਿੰਦੁਸਤਾਨ ਵਿਚ ਲਿਖਿਆ ਗਿਆ ਪੰਜਾਬੀ ਸਾਹਿਤ ਪਾਕਿਸਤਾਨ ਵਿਚ ਸਿਰਫ ਸ਼ਾਹਮੁਖੀ ਵਿਚ ਹੀ ਪੜ੍ਹਿਆ ਜਾਂਦਾ ਸੀ। ਅੱਜ ਦੇ ਦਿਨ ਪਾਕਿਸਤਾਨ ਵਿਚ ਗੁਰਮੁਖੀ ਪੜ੍ਹਨ ਵਾਲਿਆਂ ਦੀ ਤਾਦਾਦ ਕਾਫ਼ੀ ਵੱਧ ਗਈ ਹੈ ਤੇ ਨਾਲ-ਨਾਲ ਚੜ੍ਹਦੇ-ਲਹਿੰਦੇ ਪੰਜਾਬ ਵਿਚ ਵੱਸਦੇ ਪੰਜਾਬੀਆਂ ਦੇ ਪਿਆਰ ਵਿੱਚ ਵੀ






ਚੋਖਾ ਵਾਧਾ ਹੋਇਆ ਹੈ।

ਜਿਹੜੇ ਵੀ ਇਨਸਾਨ ਨੇ ਲਾਹੌਰ ਵੇਖਿਆ ਹੈ ਉਹ ਮੇਰੀ ਇਸ ਗੱਲ ਨਾਲ ਜ਼ਰੂਰ ਸਹਿਮਤ ਹੋਵੇਗਾ ਕਿ ਲਾਹੌਰ ਦੀ ਮਿੱਟੀ ਦੀ ਖ਼ੁਸ਼ਬੂ ਕਿਸੇ ਨੂੰ ਵੀ ਮਦਹੋਸ਼ ਕਰ ਸਕਦੀ ਹੈ। ਤਕਰੀਬਨ 40 ਵਰ੍ਹੇ ਪਹਿਲਾਂ ਜਦ ਮੈਂ ਅੰਮ੍ਰਿਤਾ ਪ੍ਰੀਤਮ ਦੀ ਇੰਟਰਵਿਊ ਕੀਤੀ ਸੀ ਉਸ ਨੇ ਲਾਹੌਰ ਦੇ ਅਨਾਰਕਲੀ ਬਾਜ਼ਾਰ ਅਤੇ ਧਨੀ ਰਾਮ ਰੋਡ ਦੇ ਮੋੜ 'ਤੇ ਸਥਿਤ ਆਪਣੇ ਘਰ ਦਾ ਜ਼ਿਕਰ ਕੀਤਾ ਸੀ। ਜਦੋਂ ਉਸ ਘਰ ਨੂੰ ਵੇਖਣ ਦੀ ਮੇਰੀ ਤਮੰਨਾ ਏਨੇ ਸਾਲਾਂ ਬਾਦ ਪੂਰੀ ਹੋਈ ਤਾਂ ਮੈਨੂੰ ਇੰਜ ਲੱਗਿਆ ਜਿਵੇਂ ਦੁਬਾਰਾ ਅੰਮ੍ਰਿਤਾ ਨਾਲ ਮੁਲਾਕਾਤ ਦਾ ਮੌਕਾ ਮਿਲ ਗਿਆ ਹੋਵੇ। ਉਸ ਘਰ ਵਿਚ ਵੱਸਦੇ ਜ਼ੀਸ਼ਾਨ ਇਬਰਾਹੀਮ ਸਾਬ ਨੇ ਅੰਮ੍ਰਿਤਾ ਦੇ ਉਸ ਘਰ ਦਾ ਹਰੇਕ ਹਿੱਸਾ ਸਾਨੂੰ ਬੜੀ ਮੁਹੱਬਤ ਨਾਲ ਵਿਖਾਇਆ।

ਮਸ਼ਹੂਰ ਗਾਇਕ ਤੇ ਬਹੁਤ ਹੀ ਨਿਮਰ ਸੁਭਾ ਦੇ ਮਾਲਿਕ ਆਰਿਫ਼ ਲੁਹਾਰ ਹੁਰਾਂ ਨਾਲ ਠੇਠ ਪੰਜਾਬੀ ਵਿਚ ਗੱਲਾਂ-ਬਾਤਾਂ ਕਰਕੇ ਬਹੁਤ ਅਪਣੱਤ ਦਾ ਅਹਿਸਾਸ ਹੋਇਆ। ਪਾਕਿਸਤਾਨੀ ਪੰਜਾਬੀ ਫ਼ਿਲਮਾਂ ਦੇ ਮਸ਼ਹੂਰ ਨਿਰਮਾਤਾ-ਨਿਰਦੇਸ਼ਕ ਸਈਦ ਨੂਰ ਅਤੇ ਉਨ੍ਹਾਂ ਦੀ ਅਦਾਕ-ਾਰਾ ਪਤਨੀ ਸਾਇਮਾ ਨੂਰ ਹੁਰਾਂ ਦੇ ਘਰ ਬੈਠ ਕੇ ਪੰਜਾਬੀ ਫ਼ਿਲਮਾਂ ਦੇ ਨਿਰਮਾਣ ਬਾਰੇ ਗੱਲਾਂ ਕਰਦਿਆਂ ਇੱਕ ਅਲੌਕਿਕ ਭਾਵਨਾ ਦਾ ਅਨੁਭਵ ਹੋਇਆ। ਕਸੂਰ ਸ਼ਹਿਰ ਦੇ ਨਵਾਬ ਦੇ ਵੰਸ਼ਜ ਨੂੰ ਮਿਲ ਕੇ ਤੇ ਬੁੱਲ੍ਹੇ ਸ਼ਾਹ ਦੀਆਂ ਗੱਲਾਂ ਕਰ ਕੇ ਇੰਜ ਲੱਗਿਆ ਜਿਵੇਂ ਮੈਂ ਵੀ ਚਾਰ ਸੌ ਸਾਲ ਪੁਰਾਣੇ ਇਤਿਹਾਸ ਦਾ ਹਿੱਸਾ ਬਣ ਗਿਆ ਹੋਵਾਂ।

ਇਹ ਬਹੁਤ ਹੀ ਸੰਤੁਸ਼ਟੀ ਭਰੀ ਭਾਵਨਾ ਹੈ ਕਿ ਬਾਰਡਰ ਦੇ ਦੋਵੇਂ ਪਾਸੇ ਪੰਜਾਬੀ ਨੂੰ ਬੇ-ਪਨਾਹ ਮੁਹੱਬਤ ਕਰਨ ਵਾਲੇ ਲੋਕ ਮੌਜੂਦ ਹਨ। ਮੇਰੀ ਨਜ਼ਰ 'ਚ ਆਉਣ ਵਾਲੇ ਸਾਲਾਂ ਵਿੱਚ ਪਾਕਿਸਤਾਨ ਵਿਚ ਨਾ ਸਿਰਫ਼ ਪੰਜਾਬੀ ਬੋਲੀ ਨੂੰ ਹੋਰ ਪ੍ਰਾਥਮਿਕਤਾ ਦਿੱਤੀ ਜਾਏਗੀ, ਬਲਕਿ ਗੁਰਮੁਖੀ ਸਿੱਖਣ ਵਾਲਿਆਂ ਦੀ ਗਿਣਤੀ ਵੀ ਲਗਾਤਾਰ ਵੱਧਦੀ ਹੀ ਜਾਵੇਗੀ।

# 'ਕੀਤੋਸ ਆਪਣਾ ਪੰਥ ਨਿਰਾਲਾ'- ਗੁਰਬਾਣੀ ਅਨੁਸਾਰ ਜੀਵਨ-ਜਾਚ ਦੀ ਖ਼ੂਬਸੂਰਤ ਤਸਵੀਰ

ਸਮੀਖਿਆਕਾਰ ਡਾ. ਸੁਖਦੇਵ ਸਿੰਘ ਝੰਡ
ਫ਼ੋਨ : +1 647-567-9128


ਜਸਵਿੰਦਰ ਸਿੰਘ ਰੁਪਾਲ ਪੰਜਾਬ ਦੇ ਵੱਖ-ਵੱਖ ਸਕੂਲਾਂ ਵਿੱਚ ਵਿਗਿਆਨ ਤੇ ਅਰਥ-ਸ਼ਾਸਤਰ ਦਾ ਅਧਿਆਪਕ ਰਿਹਾ ਹੈ। ਪੰਜਾਬੀ, ਅੰਗਰੇਜ਼ੀ, ਮਨੋਵਿ-ਗਿਆਨ, ਅਰਥ-ਸ਼ਾਸਤਰ ਅਤੇ ਜਰਨਲਿਜ਼ਮ ਵਿਸ਼ਿਆਂ ਵਿੱਚ ਐੱਮ.ਏ. ਪੱਧਰ ਦੀ ਉਚੇਰੀ ਵਿੱਦਿਆ ਪ੍ਰਾਪਤ ਕਰਨ ਦੇ ਨਾਲ ਨਾਲ ਗੁਰਬਾਣੀ ਅਧਿਐੱਨ ਵੀ ਉਸ ਦੀ ਡੂੰਘੀ ਦਿਲਚਸਪੀ ਦਾ ਖ਼ੇਤਰ ਰਿਹਾ ਹੈ। ਗੁਰਬਾਣੀ 'ਗਿਆਨ ਦਾ ਸਾਗਰ' ਹੈ। ਇਸ ਸਾਗਰ ਵਿੱਚ ਟੁੱਭੀ ਮਾਰਨ ਵਾਲਾ ਜਗਿਆਸੂ ਇਸ ਵਿੱਚੋਂ ਤਰ੍ਹਾਂ-ਤਰ੍ਹਾਂ ਦੇ 'ਮੋਤੀ' ਲੱਭ ਲਿਆਉਂਦਾ ਹੈ ਅਤੇ ਜਿੰਨੀ ਵੀ ਕੋਈ ਡੂੰਘੀ ਚੁੱਭੀ ਮਾਰਦਾ ਹੈ, ਓਨੇ ਹੀ ਕੀਮਤੀ ਹੀਰੇ ਮੋਤੀ ਉਸ ਦੇ ਹੱਥ ਆਉਂਦੇ ਹਨ। ਜਸਵਿੰਦਰ ਰੁਪਾਲ ਨੇ ਇਸ ਸਾਗਰ 'ਚ ਡੂੰਘੀਆਂ ਚੁੱਭੀਆਂ ਲਗਾਈਆਂ ਹਨ 'ਸ਼ਬਦ-ਰੂਪੀ ਮੋਤੀ' ਲੱਭ ਕੇ ਇਸ ਪੁਸਤਕ ਵਿਚ ਬੜੀ ਸੂਹਜ ਤੇ ਸਿਆਣਪ ਨਾਲ ਸਜਾਏ ਹਨ।

ਇਸ ਪੁਸਤਕ ਵਿਚ ਲੇਖਕ ਨੇ 30 ਲੇਖ ਸ਼ਾਮਲ ਕੀਤੇ ਹਨ। ਪੁਸਤਕ ਦਾ ਕੇਂਦਰੀ-ਧੁਰਾ ਇਸ ਦਾ ਲੇਖ 'ਕੀਤੋਸ ਆਪਣਾ ਪੰਥ ਨਿਰਾਲਾ' ਹੈ ਜਿਸ ਨੂੰ ਉਸ ਦੇ ਵੱਲੋਂ ਇਸ ਪੁਸਤਕ ਦਾ ਸਿਰਲੇਖ ਬਣਾਇਆ ਗਿਆ ਹੈ। ਜਸਵਿੰਦਰ ਸਿੰਘ ਰੁਪਾਲ ਅਨੁਸਾਰ "ਸ਼ਬਦ-ਰੂਪ ਪਾਰਬ੍ਰਹਮ ਨੂੰ ਪਹਿਚਾਣ ਕੇ, ਸ਼ਬਦ ਵਿਚ ਸੁਰਤਿ ਲਗਾ ਕੇ ਉਸ ਦੀ ਪ੍ਰਾਪਤੀ ਅਤੇ ਇਸੇ ਸ਼ਬਦ ਦੇ ਗਿਆਨ ਨਾਲ ਮਨੁੱਖੀ ਮਨ ਨੂੰ ਵਿਕਾਰਾਂ ਤੋਂ ਮੋੜ ਕੇ ਉਸ ਇੱਕ ਨਿਰਾਕਾਰ ਦੇ ਨਾਮ ਵਿੱਚ ਲੀਨ ਹੋ ਕੇ ਅਸਲ ਅਨੰਦ ਦੀ ਵਿਆਖਿਆ ਕਰਨਾ ਗੁਰੂ ਨਾਨਕ ਦੇਵ ਜੀ ਦੇ ਹਿੱਸੇ ਆਇਆ ਹੈ। ਭਾਈ ਗੁਰਦਾਸ ਜੀ ਨੇ ਇਸ ਜੀਵਨ ਜੁਗਤ ਨੂੰ 'ਨਾਨਕ ਨਿਰਮਲ ਪੰਥ ਚਲਾਇਆ' ਆਖਿਆ ਹੈ ਅਤੇ ਇਸ ਨੂੰ 'ਨਿਰਾਲਾ ਪੰਥ' ਕਹਿ ਕੇ ਵਡਿਆਇਆ ਹੈ।" (ਪੰਨਾ-47)

ਗੁਰੂ ਨਾਨਕ ਦਾ ਇਹ ਨਿਰਾਲਾ ਪੰਥ ਸਾਰੇ ਧਰਮਾਂ ਤੇ ਮੱਤਾਂ ਦਾ ਸਤਿਕਾਰ ਕਰਦਾ ਹੈ। ਇਸ ਦੇ ਨਾਲ ਹੀ ਇਹ ਪਾਖੰਡ ਅਤੇ ਵਿਖਾਵੇ ਦੀ ਭਰਪੂਰ ਵਿਰੋਧਤਾ ਕਰਦਾ ਹੈ। ਇਸ ਪੰਥ ਦਾ 'ਪਾਂਧੀ' ਇਸ ਵਿੱਚੋਂ "ਦੁਖ ਨਾ ਦੇਈ ਕਿਸੈ ਜੀਅ ਪਾਰਬ੍ਰਹਮ ਚਿਤਾਰੈ" ਦੀ ਲੋਅ ਲੈ ਕੇ "ਵਿਚ ਦੁਨੀਆ ਸੇਵ ਕਮਾਈਐ ਤਾ ਦਰਗਾਹ ਬੈਸਣ ਪਾਈਐ" ਦੇ ਹੁਕਮ ਦੀ ਪਾਲਣਾ ਕਰਦਾ ਹੋਇਆ ਇਸ ਸੰਸਾਰ ਵਿੱਚ ਆ ਕੇ ਗ੍ਰਹਿਸਤ ਆਸ਼ਰਮ 'ਚ ਵਿਚਰਦਾ ਹੈ।

ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਦੀ ਤਰਤੀਬ ਅਤੇ ਇਸ ਦੀਆਂ ਸੰਪਾਦਕੀ ਜੁਗਤਾਂ ਦੀ ਗੱਲ ਕਰਦਿਆਂ ਜਸਵਿੰਦਰ ਰੁਪਾਲ ਦੱਸਦਾ ਹੈ ਕਿ ਇਸ ਵਿੱਚ 35 ਬਾਣੀਕਾਰਾਂ ਦੀ ਬਾਣੀ ਸ਼ਾਮਲ ਹੈ ਜਿਨ੍ਹਾਂ ਵਿੱਚ ਛੇ ਗੁਰੂ ਸਾਹਿਬਾਨ, 15 ਭਗਤ, 11 ਭੱਟ ਅਤੇ 3 ਗੁਰਸਿੱਖ ਸ਼ਾਮਲ ਹਨ। ਇਸ ਦੀ ਸੰਪਾਦਨਾ ਸਮੇਂ ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਬਾਣੀਕਾਰਾਂ ਦੀ ਵਿਚਾਰਧਾਰਾ ਨੂੰ ਸਨਮੁੱਖ ਰੱਖਿਆ ਹੈ। ਬਾਣੀ ਨੂੰ ਵੱਖ-ਵੱਖ ਰਾਗਾਂ ਦੇ ਅਧਾਰ 'ਤੇ ਇਸ ਵਿੱਚ ਪਹਿਲਾਂ ਗੁਰੂ ਸਾਹਿਬਾਨ ਦੀ ਬਾਣੀ ਦਰਜ ਕੀਤੀ ਗਈ ਹੈ ਅਤੇ ਫਿਰ ਵੱਖ-ਵੱਖ ਭਗਤ ਸਾਹਿਬਾਨ ਤੇ ਗੁਰਸਿੱਖਾਂ ਦੀ। ਰਾਗ-ਮੁਕਤ ਬਾਣੀ ਨੂੰ ਓਸੇ ਹੀ ਕਰਮ ਅਨੁਸਾਰ ਵੱਖਰਾ ਰੱਖਿਆ ਗਿਆ ਹੈ। ਇਸ ਗੁਰਬਾਣੀ ਵਿੱਚ ਬਹੁਤ ਸਾਰੇ ਕਾਵਿ-ਰੂਪ ਵਰਤੇ ਗਏ ਹਨ। ਇਸ ਦੇ ਨਾਲ ਹੀ ਜਸਵਿੰਦਰ ਰੁਪਾਲ ਵੱਲੋਂ ਗੁਰਬਾਣੀ ਦੀ ਵਿਲੱਖਣ ਸ਼ਬਦਾਵਲੀ, ਇਸ ਵਿੱਚ ਸੂਰੇ ਦਾ ਸੰਕਲਪ ਤੇ ਕਰਾਮਾਤ ਦੇ ਸਥਾਨ ਦੀ ਗੱਲ ਬਾਖ਼ੂਬੀ ਕੀਤੀ ਗਈ ਹੈ।


ਗੁਰੂ ਗ੍ਰੰਥ ਸਾਹਿਬ ਵਿਚ ਦੱਸੀ ਗਈ ਜੀਵਨ-ਜਾਚ ਦੀ ਗੱਲ ਕਰਦਿਆਂ ਉਹ ਕਹਿੰਦਾ ਹੈ ਕਿ ਇਨਸਾਨ ਇਸ ਦੁਨੀਆਂ ਵਿੱਚ ਆ ਕੇ ਇਸ ਦੇ ਰੰਗ-ਤਮਾਸ਼ਿਆਂ ਵਿੱਚ ਰੁਚਿਤ ਹੋ ਜਾਂਦਾ ਹੈ ਅਤੇ ਉਹ ਆਪਣੇ ਜੀਵਨ ਦੇ ਅਸਲ ਮਕਸਦ ਨੂੰ ਭੁੱਲ ਜਾਂਦਾ ਹੈ। ਗੁਰਬਾਣੀ ਉਸ ਨੂੰ




ਇਹ ਸਾਰੀ ਕਾਇਨਾਤ 'ਇੱਕ ਨੂਰ' ਤੋਂ ਹੀ ਉਪਜੀ ਹੋਣ ਦਾ ਅਹਿਸਾਸ ਕਰਾਉਂਦੀ ਹੈ। "ਏਕ ਪਿਤਾ ਏਕਸ ਕੇ ਹਮ ਬਾਰਿਕ" ਹੋਣ ਕਰਕੇ ਸਾਰਿਆਂ ਨੂੰ ਭੈਣ-ਭਰਾ ਸਮਝ ਕੇ ਇਨਸਾਨ ਦਾ ਦੂਈ-ਦਵੈਤ, ਭੇਦ-ਭਾਵ, ਈਰਖਾ ਤੇ ਸਾੜਾ ਦੂਰ ਹੋ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਸਾਂਝੀਵਾਲਤਾ ਦਾ ਇਹ ਸੱਭ ਤੋਂ ਵੱਡਾ ਉਪਦੇਸ਼ ਹੈ ਜੋ ਹੋਰ ਗ੍ਰੰਥਾਂ ਵਿਚ ਉਪਲੱਭਧ ਨਹੀਂ ਹੈ। ਇਸ ਮਹਾਨ ਗ੍ਰੰਥ ਵਿਚ ਭਗਤ ਕਬੀਰ ਦਾ ਇਹ ਸ਼ਬਦ ਇਸ ਦੀ ਹੋਰ ਵਿਆਖਿਆ ਕਰਦਾ ਹੈ :

ਅਵਲਿ ਅਲਾਹ ਨੂਰ ਉਪਾਇਆ
ਕੁਦਰਤ ਕੇ ਸੱਭ ਬੰਦੇ ।।
ਏਕਨੂਰ ਤੇ ਸਭੁ ਜਗੁ ਉਪਜਿਆ
ਕਉਨ ਭਲੇ ਕੋ ਮੰਦੇ।। (ਪ੍ਰਭਾਤੀ, ਕਬੀਰ ਜੀ, ਪੰਨਾ-1349)

ਲੋਕਾਂ ਵਿੱਚ ਇਹ ਆਮ ਧਾਰਨਾ ਬਣ ਚੁੱਕੀ ਹੈ ਕਿ 'ਖਾਲਸਾ' ਸ਼ਬਦ ਗੁਰੂ ਗੋਬਿੰਦ ਸਿੰਘ ਜੀ ਵੱਲੋਂ 30 ਮਾਰਚ 1699 ਦੀ ਇਤਿਹਾਸਕ ਵਿਸਾਖੀ ਵਾਲੇ ਦਿਨ ਅੰਮ੍ਰਿਤ ਸੰਚਾਰ ਕਰਨ ਸਮੇਂ ਪਹਿਲੀ ਵਾਰ ਵਰਤਿਆ ਗਿਆ, ਜਦਕਿ ਇਹ ਪੁਰਾਤਨ ਸਮੇਂ ਤੋਂ ਚੱਲਿਆ ਆ ਰਿਹਾ ਹੈ। ਭਗਤ ਕਬੀਰ ਜੀ ਅਨੁਸਾਰ ਖਾਲਸਾ ਉਹ ਮਨੁੱਖ ਹੈ ਜੋ ਪ੍ਰਭੂ ਭਗਤੀ ਵਿੱਚ ਲੀਨ ਹੈ ਅਤੇ ਅਜਿਹਾ ਵਿਅੱਕਤੀ ਨਿਰਭਉ ਤੇ ਨਿਰਵੈਰ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਵੀ 1699 ਨੂੰ ਵਿਸਾਖੀ ਵਾਲੇ ਦਿਨ ਪੰਜਾਂ ਪਿਆਰਿਆਂ ਦੀ ਚੋਣ ਕਰਕੇ ਉਨ੍ਹਾਂ ਨੂੰ ਅੰਮ੍ਰਿਤ ਛਕਾ ਕੇ ਨਿਰਭਉ ਤੇ ਨਿਰਵੈਰ ਬਣਾਇਆ ਅਤੇ ਖਾਲਸਾ ਪੰਥ ਦੀ ਨੀਂਹ ਰੱਖੀ। ਪੁਸਤਕ ਦੇ 'ਕਹੋ ਕਬੀਰ ਜਨ ਭਏ ਖਾਲਸੇ' ਵਾਲੇ ਅਧਿਆਇ ਵਿਚ ਜਸਵਿੰਦਰ ਰੁਪਾਲ ਨੇ ਗੁਰਬਾਣੀ ਦੇ ਹਵਾਲੇ ਨਾਲ




ਇਹ ਦੱਸਿਆ ਹੈ ਕਿ ਭਗਤ ਕਬੀਰ ਜੀ (1398-1448) ਨੇ ਇਸ ਸ਼ਬਦ 'ਖਾਲਸੇ' ਦੀ ਵਰਤੋਂ ਬਹੁਤ ਸਮਾਂ ਪਹਿਲਾਂ ਪੰਦਰਵੀਂ ਸਦੀ ਵਿਚ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਸੋਰਠਿ 'ਚ ਦਰਜ ਉਨ੍ਹਾਂ ਦਾ ਇਹ ਸ਼ਬਦ ਇਸ ਦੀ ਭਰਪੂਰ ਗਵਾਹੀ ਭਰਦਾ ਹੈ ਜਿਸ ਦੀ ਅਖ਼ੀਰਲੀ ਤੁਕ ਹੈ :

ਪਰਿਓ ਕਾਲੁ ਸਭੈ ਜਗ
ਊਪਰ ਮਾਹਿ ਲਿਖੇ ਭ੍ਰਮ ਗਿਆਨੀ ।।
ਕਹੁ ਕਬੀਰ ਜਨ ਭਏ
ਖਾਲਸੇ ਪ੍ਰੇਮ ਭਗਤਿ ਜਿਨ ਜਾਨੀ ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-654)

'ਕਮਿਊਨਿਜ਼ਮ ਬਨਾਮ ਗੁਰਮਤਿ' ਅਧਿਆਇ ਵਿੱਚ 'ਕਮਿਊਨਿਜ਼ਮ' ਮਾਰਕਸਵਾਦ ਅਤੇ ਲੈਨਿਨਵਾਦ ਦੇ ਸਿਧਾਂਤਾਂ ਅਨੁਸਾਰ ਉਸਰਿਆ ਹੋਇਆ ਸਮਾਜਿਕ ਤੇ ਰਾਜਨੀਤਿਕ ਪ੍ਰਬੰਧ ਹੈ ਅਤੇ ਇਸ ਵਿੱਚ ਊਚ-ਨੀਚ ਤੇ ਜ਼ਾਤ-ਪਾਤ ਦੇ ਵਿਤਕਰੇ ਦੀ ਗੁੰਜਾਇਸ਼ ਨਹੀਂ ਹੈ। ਸਰਬ-ਸ਼ਕਤੀਮਾਨ ਪ੍ਰਮਾਤਮਾ ਦੀ ਗੱਲ ਕਰਦੀ ਗੁਰਬਾਣੀ ਵੀ ਤਾਂ ਸਮਾਜਿਕ ਨਿਆਂ ਤੇ ਊਚ-ਨੀਚ ਤੇ ਜ਼ਾਤ-ਪਾਤ ਦਾ ਵਿਰੋਧ ਕਰਦੀ ਹੈ ਅਤੇ ਬਰਾਬਰੀ ਦਾ ਸੰਦੇਸ਼ ਦਿੰਦੀ ਹੈ। ਪਰ ਆਪਣੇ ਆਪ ਨੂੰ 'ਕਮਿਊਨਿਸਟ' ਅਖਵਾਉਣ ਵਾਲੇ ਸਾਡੇ ਬਹੁਤ ਸਾਰੇ ਵੀਰ ਆਪਣਾ ਸਾਰਾ ਜ਼ੋਰ ਪ੍ਰਮਾਤਮਾ ਦੀ ਹੋਂਦ ਨੂੰ ਨਿਕਾਰਨ 'ਤੇ ਹੀ ਲਗਾ ਦਿੰਦੇ ਹਨ। ਲੋਕਾਂ ਵਿੱਚ ਵਿਗਿਆਨਕ ਸੋਚ ਲਿਆਉਣੀ ਤੇ ਤਰਕ ਨਾਲ ਗੱਲ ਕਰਨਾ ਮਾੜੀ ਗੱਲ ਨਹੀਂ ਹੈ ਅਤੇ ਗੁਰਮਤਿ ਵੀ ਵਿਗਿਆਨ ਦੇ ਵਿਰੁੱਧ ਨਹੀਂ ਹੈ। ਰੁਪਾਲ ਅਨੁਸਾਰ, "ਗੁਰੂ ਨਾਨਕ ਦੇਵ ਜੀ ਅਤੇ ਹੋਰ ਗੁਰੂ ਸਾਹਿਬਾਨ ਨੇ ਨਾ ਕੇਵਲ ਆਪਣੀ ਗੱਲ ਤਰਕ ਨਾਲ ਕੀਤੀ ਹੈ, ਬਲਕਿ ਗੁਰਮਤਿ ਤਾਂ ਤਰਕ ਦੀ ਥਾਂ 'ਤੇ ਵਿਵੇਕ (ਤਰਕ+ਅਕਲ) ਦੇ ਆਧਾਰਿਤ ਹੈ। ਨਿਰੋਲ ਤਰਕ ਸਿਰਫ਼ ਬਹਿਸਾਂ ਨੂੰ ਸਨਮ ਦਿੰਦਾ ਹੈ।" (ਪੰਨਾ-35)

ਪੁਸਤਕ ਵਿਚ ਸ਼ਾਮਲ ਲੇਖ 'ਨਾਨਕ ਚਿੰਤਨ ਦੇ ਇਨਕਲਾਬੀ ਪਹਿਲੂ', ਨਿਰਭੈ ਯੋਧੇ ਸਨ ਗੁਰੂ ਅਰਜਨ ਦੇਵ ਜੀ', 'ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚਲੇ ਦਰਸ਼ਨ ਸ਼ਾਸਤਰ ਦਾ ਆਧੁਨਿਕ ਸਿੱਖਿਆ ਵਿੱਚ ਮਹੱਤਵ', 'ਗੁਰੂ ਗੋਬਿੰਦ ਸਿੰਘ ਜੀ ਦਾ ਦਰਵੇਸ਼ ਰੂਪ' ਅਤੇ 'ਭਗਤ ਰਵੀਦਾਸ ਜੀ ਦਾ ਜੀਵਨ ਤੇ ਬਾਣੀ ਦਾ ਸੰਦੇਸ਼' ਇਨ੍ਹਾਂ ਗੁਰੂ ਸਾ-ਹਬਾਨ ਤੇ ਭਗਤ ਰਵੀਦਾਸ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਮਨੁੱਖਤਾ ਨੂੰ ਦਿੱਤੀਆਂ ਗਈਆਂ ਸਿੱਖਿਆਵਾਂ 'ਤੇ ਭਰਪੂਰ ਰੌਸ਼ਨੀ ਪਾਉਂਦੇ ਹਨ। ਇੱਕ ਹੋਰ ਲੇਖ 'ਗੁਰੂ ਨਾਨਕ ਦਾ ਚਿੰਤਨ ਅਤੇ ਡੇਰਾਵਾਦ' ਵਿੱਚ ਭਾਰਤ ਤੇ ਖ਼ਾਸ ਕਰਕੇ ਇਸ ਦੇ ਸੂਬੇ ਪੰਜਾਬ 'ਚ ਫ਼ੈਲੇ ਅਜੋਕੇ ਡੇਰਾਵਾਦ ਤੇ ਬਾਬਾਵਾਦ ਦੀ ਗੱਲ ਬਹੁਤ ਵਧੀਆ ਢੰਗ ਨਾਲ ਕੀਤੀ ਗਈ ਹੈ। 'ਗੁਰੂਡੰਮ' ਦੇ ਰੂਪ ਵਿੱਚ ਇਹ ਰਾਧਾ ਸੁਆਮੀ, ਨਕਲੀ ਨਿਰੰਕਾਰੀ ਤੇ ਨਾਮਧਾਰੀ ਰੂਪ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਵਿਰੋਧ ਵਿੱਚ ਪ੍ਰਗਟ ਹੁੰਦੇ ਹਨ। ਪ੍ਰਮਾਤਮਾ ਦੇ ਨਿਰਗੁਣ ਸਰੂਪ ਨਾਲੋਂ ਸਰਗੁਣ ਸਰੂਪ ਨੂੰ ਵਧੇਰੇ ਮਹੱਤਤਾ ਦਿੰਦਿਆਂ 'ਬਾਬਾਵਾਦ' ਦੇ ਰੂਪ ਵਿੱਚ ਇਹ ਅਜੋਕੇ ਬਾਬਿਆਂ ਤੇ ਪਖੰਡੀ ਸਾਧਾਂ ਤੇ ਸੰਤਾਂ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ ਜੋ ਆਪੋ-ਆਪਣੇ ਡੇਰਿਆਂ ਵਿੱਚ ਗੁਰਬਾਣੀ ਦੀਆਂ ਤੁਕਾਂ ਦੀ ਆਪਣੇ ਹੀ ਹਿਸਾਬ ਨਾਲ ਵਿਆਖਿਆ ਕਰਕੇ ਭੋਲ਼ੇ-ਭਾਲ਼ੇ ਲੋਕਾਂ ਨੂੰ ਆਪਣੇ ਮਗਰ ਲਾ ਲੈਂਦੇ ਹਨ।

ਜਸਵਿੰਦਰ ਰੁਪਾਲ ਇਨ੍ਹਾਂ ਡੇਰਿਆਂ ਅਤੇ ਪਖੰਡੀ ਸਾਧਾਂ-ਸੰਤਾਂ ਦੀਆਂ 'ਵਿਸ਼ੇਸ਼ਤਾਈਆਂ' ਦਾ ਬੜੀ ਖ਼ੂਬਸੂਰਤੀ ਨਾਲ ਜ਼ਿਕਰ ਕਰਦਾ ਹੈ, ਜਦੋਂ ਉਹ ਕਹਿੰਦਾ ਹੈ, "ਇਹ ਸੰਪਟ-ਪਾਠ, ਇਕੋਤਰੀਆਂ, 21, 51, 101 ਪਾਠਾਂ ਦੀਆਂ ਲੜੀਆਂ ਕਰਦੇ/ਕਰਵਾਉਂਦੇ ਹਨ। ਆਪਣੇ ਪਾਠਾਂ ਦੌਰਾਨ ਇਹ ਧੂਫ਼ਾਂ, ਕੁੰਭ, ਜੋਤ, ਨਾਰੀਅਲ, ਆਦਿ ਦੀ ਵਰਤੋਂ ਜ਼ਰੂਰੀ ਸਮਝਦੇ ਹਨ। ਆਪਣੇ ਨਾਵਾਂ ਦੇ ਨਾਲ ਇਹ 'ਸੰਤ', ਗਿਆਨੀ', 'ਬ੍ਰਹਮ ਗਿਆਨੀ' ਆਦਿ ਸ਼ਬਦਾਂ ਦੀ ਵਰਤੋਂ ਕਰਦੇ ਹਨ ਅਤੇ ਆਪਣੇ ਸ਼ਰਧਾਲੂਆਂ ਤੇ ਚੇਲਿਆਂ ਤੋਂ ਕਰਵਾਉਂਦੇ ਹਨ। ਇਨ੍ਹਾਂ ਦੇ ਹਰੇਕ ਡੇਰੇ ਦੀ ਮਰਿਆਦਾ ਵੱਖੋ-ਵੱਖਰੀ ਹੈ ਅਤੇ ਇਨ੍ਹਾਂ ਦਾ ਲਿਬਾਸ ਵੀ ਵੱਖਰਾ ਹੈ। ਇਨ੍ਹਾਂ ਵਿੱਚੋਂ ਕਈ ਗੋਲ਼ ਪੱਗ ਬੰਨ੍ਹਦੇ ਹਨ, ਲੰਮੇਂ ਸਫ਼ੈਦ ਚੋਲ਼ੇ ਪਾਉਂਦੇ ਹਨ, ਜੁੱਤੀ ਦੀ ਥਾਂ ਪੈਰੀਂ ਖੜਾਵਾਂ ਪਾਉਂਦੇ ਹਨ ਤੇ ਹੱਥ ਵਿੱਚ ਸਿਮਰਨਾ ਰੱਖਦੇ ਹਨ ਅਤੇ ਆਪਣਾ 'ਨਾਮ' (ਕੁਝ ਸ਼ਬਦਾਂ ਦਾ ਸਮੂਹ) ਦਿੰਦੇ ਹਨ ਜੋ ਇਹ ਲੋਕਾਂ ਦੇ ਕੰਨਾਂ ਵਿੱਚ ਦੱਸਦੇ ਹਨ ਤੇ ਉਹ ਉਨ੍ਹਾਂ ਵੱਲੋਂ ਗੁਪਤ ਰੱਖਿਆ ਜਾਂਦਾ ਹੈ, ਵਗ਼ੈਰਾ, ਵਗ਼ੈਰਾ। (ਪੰਨਾ 152-154)

208 ਪੰਨਿਆਂ ਵਿੱਚ ਫ਼ੈਲੀ ਇਸ ਪੁਸਤਕ ਦੇ 30 ਲੇਖਾਂ ਬਾਰੇ ਇਸ ਛੋਟੇ ਜਿਹੇ ਆਰਟੀਕਲ ਵਿੱਚ ਗੱਲ ਕਰਨੀ ਬਹੁਤ ਮੁਸ਼ਕਲ ਹੈ। ਇਸ ਦੇ ਕੁਝ ਲੇਖਾਂ ਨੂੰ ਆਧਾਰ ਬਣਾ ਕੇ ਸੰਖੇਪ ਰੂਪ ਵਿੱਚ ਹੀ ਚਰਚਾ ਕੀਤੀ ਗਈ ਹੈ। ਇਸ ਦੇ ਬਾਰੇ ਪੂਰੀ ਜਾਣਕਾਰੀ ਤਾਂ ਪੁਸਤਕ ਪੜ੍ਹ ਕੇ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਮੇਰੀ ਜਾਚੇ ਗੁਰਮਤਿ ਬਾਰੇ ਵਿਚਾਰ ਸਾਂਝੇ ਕਰਨ ਦਾ ਜਸਵਿੰਦਰ ਸਿੰਘ ਰੁਪਾਲ ਵੱਲੋਂ ਇਹ ਬਹੁਤ ਵਧੀਆ ਉਪਰਾਲਾ ਕੀਤਾ ਗਿਆ ਹੈ। ਸਧਾਰਨ ਵਿਅੱਕਤੀ ਜਿਸ ਦੀ ਗੁਰਬਾਣੀ ਤੇ ਗੁਰ-ਮਤਿ ਬਾਰੇ ਅਜੇ ਓਨੀ ਸਮਝ ਨਹੀਂ ਬਣੀ, ਇਸ ਪੁਸਤਕ ਵਿੱਚੋਂ ਇਸ ਦੀ ਸੋਝੀ ਦੀ ਝਲਕ ਬਾਖ਼ੂਬੀ ਪ੍ਰਾਪਤ ਕਰ ਸਕਦਾ ਹੈ। ਘੱਟੋ-ਘੱਟ ਆਪਣੇ ਬਾਰੇ ਤਾਂ ਮੈਂ ਇਹ ਕਹਿ ਸਕਦਾ ਹਾਂ ਕਿ ਮੈਨੂੰ ਇਹ ਪੁਸਤਕ ਪੜ੍ਹ ਕੇ ਕਾਫ਼ੀ ਕੁਝ ਸਮਝ ਆਇਆ ਹੈ। ਜਸਵਿੰਦਰ ਰੁਪਾਲ ਨੂੰ ਇਹ ਪੁਸਤਕ ਲਿਆਉਣ 'ਤੇ ਮੁਬਾਰਕਬਾਦ ਦਿੰਦਾ ਹਾਂ ਅਤੇ ਇਸ ਦੇ ਨਾਲ ਹੀ ਮੈਂ ਪੰਜਾਬੀ ਪਾਠਕਾਂ ਨੂੰ ਇਸ ਨੂੰ ਪੜ੍ਹਨ ਦੀ ਪੁਰਜ਼ੋਰ ਸਿਫ਼ਾਰਿਸ਼ ਵੀ ਕਰਦਾ ਹਾਂ।

The Mortgage Centre
We work for *you*, not the lenders.




**Debt Consolidation** | **Renovations & Repairs** | **Avoiding High penalities**

No Credit or becon score check.
No income verifiaction.
Interest payments only.
Pay off high interest debts.
75%-80% LTV.

Must have home equity.....

if you are looking for independent mortgage or protection advice....
We're here to help.
* Competitive rates
* Flexible terms
* Fast approval process

For more information call:
Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5

**Rexdale Financial Services**



**URGENTLY NEED NEW LISTINGS IN BRAMPTON/CALEDON**



visit: www.teamjagaujla.com
ADVERTISEMENT GUARANTEED TILL SOLD
# JAG AUJLA
MCNE, REAL ESTATE BROKER
**416-371-7777**
e-mail: j.aujla@rogers.com or visit: www.jagaujla.com
MCNE

**CALL JAG AUJLA FOR A QUICK & FREE HOME EVALUATION**
www.BramptonTopRealtor.com
**RECENTLY LISTED IN YOUR NEIGHBOURHOOD**

### Sandalwood & Sunny Meadow Blvd



ਬਹੁਤ ਹੀ ਵਧੀਆ ਲੋਕੇਸ਼ਨ ਉਤੇ ਗ੍ਰੀਨਰੀ ਫੇਸਿੰਗ ਬਹੁਤ ਹੀ ਵਧੀਆ ਤਰੀਕੇ ਨਾਲ ਮੇਨਟੇਨ ਕੀਤਾ ਹੋਇਆ ਲਗਭਗ 1305 ਸਕੇਅਰ ਫੁੱਟ (ਐਮਪੈਕ ਅਨੁਸਾਰ) ਦਾ ਕੌਂਡੋ ਸਟੈਕਡ ਟਾਊਨ ਹਾਊਸ, ਸਾਰੇ ਘਰ ਨੂੰ ਨਵਾਂ ਰੰਗ ਕੀਤਾ ਹੋਇਆ, ਸਾਲ 2016-17 ਵਿਚ ਬਣਿਆ ਹੋਇਆ 2 ਬੈਡਰੂਮ + 3 ਵਾਸ਼ਰੂਮ + ਓਪਨ ਟੈਰੇਸਡ ਬਾਲਕਨੀ + 1 ਕਾਰ ਗਰਾਜ ਦੇ ਨਾਲ, ਓਪਨ ਕਾਂਸੈਪਟ ਲਿਵਿੰਗ ਲੈਮੀਨੇਟਡ ਫਲੋਰ ਦੇ ਨਾਲ ਲੈਸ ਡਾਇਨਿੰਗ ਏਰੀਆ, ਸਟੇਨਲੈਸ ਸਟੀਲ ਨਾਲ ਬਣੀਆਂ ਕਿਚਨ ਕੈਬਿਨੇਟਸ, ਮਾਸਟਰ ਬੈਡਰੂਮ 4 ਪੀਸੀ ਐਨਸੂਟ ਦੇ ਨਾਲ ਸਕੂਲ, ਬੱਸ ਸਟਾਪ ਅਤੇ ਪਾਰਕ ਆਦਿ ਦੇ ਬਿਲਕੁਲ ਨਜ਼ਦੀਕ ਅਤੇ ਹੋਰ ਵੀ ਬਹੁਤ ਕੁੱਝ।

### James Potter/Queen/Bonnie Brae



ਬਹੁਤ ਹੀ ਸੋਹਣਾ 3000-3500 ਸਕੇਅਰ ਫੁੱਟ ਦਾ ਡਿਟੈਚਡ ਘਰ, 5+2 ਬੈਡਰੂਮ + ਦਫਤਰ + 5 ਵਾਸ਼ਰੂਮ, ਫਿਨਿਸ਼ਡ ਬੇਸਮੈਂਟ, 2 ਅਲੱਗ ਐਂਟਰੈਂਸ, 9 ਫੁੱਟ ਦੀ ਸੀਲਿੰਗ, ਡਬਲ ਡੋਰ ਐਂਟਰੀ, 5 ਪੀਸੀ ਐਨਸੂਟ ਦੇ ਨਾਲ ਮਾਸਟਰ ਬੈਡਰੂਮ, ਮੇਨ ਫਲੋਰ ਉਤੇ ਲੱਕੜ ਦਾ ਕੰਮ ਕੀਤਾ ਹੋਇਆ, ਬੇਸਮੈਂਟ ਵਿਚ ਲੈਮੀਨੇਟ ਅਤੇ ਸੇਰਾਮਿਕਸ, ਗ੍ਰੇਨਾਈਟ ਕਊਂਟਰ ਟਾਪ ਅਤੇ ਸੈਂਟਰ ਆਈਲੈਂਡ ਦੇ ਨਾਲ ਕਿਚਨ, ਗ੍ਰੀਨਰੀ ਵੱਲ ਫੇਸ ਕਰਦਾ ਹੋਇਆ ਬ੍ਰੇਕਫਾਸਟ ਏਰੀਆ, ਮੇਨ ਫਲੋਰ ਉਤੇ ਲਾਊਂਡਰੀ, ਘਰ ਦੇ ਸਾਹਮਣੇ ਪਾਰਕ ਅਤੇ ਹੋਰ ਵੀ ਬਹੁਤ ਕੁੱਝ।

### Caledon Ontario (Dir/Cross St:Mayfield/ Mclaughlin/Tweedhill)



ਬਹੁਤ ਹੀ ਵਧੀਆ ਪ੍ਰਾਈਮ ਲੋਕੇਸ਼ਨ ਉਤੇ ਕਿਰਾਏ ਲਈ ਖਾਲੀ 700-1100 ਸਕੁਏਅਰ ਫੁੱਟ ਦਾ ਸੋਹਣਾ ਜਿਹਾ ਘਰ, ਦੋ ਬੈਡਰੂਮਜ਼ ਦੇ ਨਾਲ ਲੀਗਲ ਬੇਸਮੈਂਟ ਅਪਾਰਟਮੈਂਟ (ਅਲੱਗ ਐਂਟਰੈਂਸ), ਕੰਕਰੀਟ ਦਾ ਡਰਾਇਵ ਵੇਅ, ਓਪਨ ਕਾਂ-ਸੈਪਟ ਦੇ ਨਾਲ ਲਿਵਿੰਗ ਰੂਮ ਨਾਲ ਅਟੈਚਡ ਕਿਚਨ, ਕਿਰਾਏਦਾਰ ਨੂੰ ਕਿਰਾਇਆ ਅਤੇ 30% ਯੂਟੀਲਿਟੀਜ਼ ਦੇਣਾ ਹੋਵੇਗਾਲੀਜ਼ ਘੱਟ ਤੋਂ ਘੱਟ 1 ਸਾਲ ਲਈ ਹੋਵੇਗੀ।

### Bramalea/Father Tobin /Fernfor



ਬਹੁਤ ਹੀ ਸ਼ਾਨਦਾਰ 3065 ਸਕੇਅਰ ਫੁੱਟ ਦਾ 3 ਮੰਜਲਾ ਡਿਟੈਚਡ ਘਰ, 5+1 ਬੈਡਰੂਮ + 5 ਵਾ-ਸ਼ਰੂਮ ਅਤੇ 2 ਫੈਮਿਲੀ ਰੂਮ, 2 ਮਾਸਟਰ ਬੈਡਰੂਮ ਅਤੇ ਇਕ ਫਿਨਿਸ਼ਡ ਬੇਸਮੈਂਟ, ਡਬਲ ਡੋਰ ਐਂ-ਟਰੀ, ਓਕ ਸਟੇਅਰਕੇਸ, ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ ਵਿਚ ਹਾਰਡਵੁੱਡ ਲੱਗਾ ਹੋਇਆ, ਸੋਹਣਾ ਜਿਹਾ ਕਿਚਨ ਸੈਂਟਰ ਆਈਲੈਂਡ ਦੇ ਨਾਲ, ਮਾਸਟਰ ਬੈਡਰੂਮ ਵਿਚ 5 ਪੀਸੀ ਐਨ-ਸੂਟ, ਦੂਜੀ ਮੰਜਲ 'ਤੇ ਲਾਊਂਡਰੀ, ਗਰਾਜ ਤੋਂ ਘਰ ਦੀ ਐਂਟਰੀ, ਬੇਸਮੈਂਟ ਵਿਚ ਸ਼ਾਨਦਾਰ ਥੀਏਟਰ ਦੇ ਨਾਲ, ਸਕੂਲ, ਬੱਸ ਸਟਾਪ ਅਤੇ ਪਾਰਕ ਆਦਿ ਦੇ ਬਿਲਕੁਲ ਨਜ਼ਦੀਕ ਤੇ ਹੋਰ ਵੀ ਬਹੁਤ ਕੁੱਝ।

**FREE**
- Full MLS services
- Consistent marketing until your property is sold
- Staging consultation
- Billboard, flyer
- Online Promotion
- Professional pictures & virtual tour
- Social media & radio advertisement
- Open house till sold
- Competitive rates, exceptional service & award winning results

RE/MAX REALTY SPECIALISTS INC.
Ph:905-456-3232
JAG AUJLA 416-371-7777
MCNE, Real Estate Broker
NOT INTENDED TO SOLICIT BUYERS OR SELLERS CURRENTLY UNDER CONTRACT



LOCAL & LONG DISTANCE MOVING

# H.K. MOVERS

VANCOUVER - CALGARY - EDMONTON - WINNIPEG - TORONTO - OTTAWA - MONTREAL

CANADA'S MOVING COMPANY




WE MOVE COAST TO COAST WITHIN CANADA ,
WE DO INTERNATIONAL SHIPPING AND WE ALSO SHIP CARS

Best Business of 2023 ThreeBest Rated Excellence

**Call: 416.524.6704**
**www.hkmovers.ca**

2023 ThreeBest Rated Certificate OF EXCELLENCE THREE BEST RATED

SAFE, RELIABLE AND EFFICIENT SERVICE AT THE BEST RATES

# Asian Food Centre

WE'RE HERE TO SERVE ONLY THE BEST PRODUCTS FOR YOU.

# FRESH

## FRUITS & VEGETABLES

Healthy & fresh grocery



Variety of Indian Sweets Available

OPEN NOW

340 Woodlawn RD
Guelph, N1H 7K6

| ETOBICOKE | MISSISSAUGA | BRAMPTON | BRAMPTON | BRAMPTON |
|---|---|---|---|---|
| 10 Westmore Dr. MEAT SHOP AVAILABLE 416-740-3262 | 1075 Ceremonial Dr MEAT SHOP AVAILABLE 905-502-1600 | 621 Wanless Dr. MEAT SHOP AVAILABLE 905-495-3336 | 2120 N Park Dr. MEAT SHOP AVAILABLE 905-793-1338 | 80 Pertosa Dr. 905-460-0009 |
| TOLL FREE 1-800-708-9232 | BRAMPTON | BRAMPTON | BRAMPTON | GUELPH |
| | 40 Airport RD & Lacoste Blvd. MEAT SHOP AVAILABLE 905-794-8109 | 10510 Torbram Rd. 905-790-0030 | 10 Pannahill Dr. MEAT SHOP AVAILABLE 905-913-8017 | 340 Woodlawn Rd W 226-669-0004 |

We reserve the right to limit the quantity. Prices subject to change without notice, while supplies last. Product images are for illustration purpose only. Design & Print by InfoTech Media